People's Herald

People's Herald

Rs- 100/month



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

"Equality and Justice"

स्वतंत्रता, समानता, भाईचारा

PATIALA On line paper 26 ਮਈ 2025 ਸੋਮਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ



**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸ਼ੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ

## 'ਆਪ' ਆਗੂ ਨੀਲ ਗਰਗ ਨੇ ਪੰਜਾਬ ਭਾਜਪਾ ਦੇ ਮੀਡੀਆ ਇੰਚਾਰਜ 'ਤੇ ਸਾਧਿਆ ਨਿਸ਼ਾਨਾ, ਕਿਹਾ - ਭਾਜਪਾ ਦਾ ਦੋਹਰਾ ਚਿਹਰਾ ਆਇਆ ਸਾਹਮਣੇ

### ਸੁਨੀਲ ਜਾਖੜ ਨੂੰ ਮੇਰਾ ਸਵਾਲ ਹੈ ਕਿ ਕੀ ਉਹ ਸੀਆਈਐਸਐਫ ਦੀ ਨਿਯੁਕਤੀ ਦਾ ਸਮਰਥਨ ਕਰਦੇ ਹਨ ਜਾਂ ਵਿਰੋਧ- ਨੀਲ ਗਰਗ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ INTERNATIONAL PAPER, 94636 01616 hardipchumber57@gmail.com

'ਆਪ' ਆਗੂ ਨੀਲ ਗਰਗ ਨੇ ਪੰਜਾਬ ਭਾਜਪਾ ਦੇ ਮੀਡੀਆ ਇੰਚਾਰਜ ਵਿਨੀਤ ਜੋਸ਼ੀ 'ਤੇ ਨਿਸ਼ਾਨਾ ਸਾਧਿਆ। ਨੀਲ ਗਰਗ ਨੇ ਕਿਹਾ ਕਿ ਪੰਜਾਬ ਭਾਜਪਾ ਮੀਡੀਆ ਇੰਚਾਰਜ ਨੇ ਕੇਂਦਰ ਵੱਲੋਂ ਬੀਬੀਐਮਬੀ 'ਤੇ ਸੀਆਈਐਸਐਫ ਦੀ ਨਿਯੁਕਤੀ ਦਾ ਸਮਰਥਨ ਕੀਤਾ। ਭਾਜਪਾ ਪੰਜਾਬ ਦੇ ਮੁਖੀ ਸੁਨੀਲ ਜਾਖੜ ਨੇ ਮਾਨ ਸਾਹਿਬ ਨੂੰ ਪਾਣੀ ਦੀ ਲੜਾਈ ਵਿੱਚ ਆਪਣਾ ਸਮਰਥਨ ਦੇਣ ਦਾ ਭਰੋਸਾ ਦਿੱਤਾ ਸੀ। ਭਾਜਪਾ ਦਾ ਦੋਹਰਾ ਚਿਹਰਾ ਸਾਹਮਣੇ ਆਇਆ ਹੈ।

ਜੇਕਰ ਭਾਜਪਾ ਕੋਲ ਪੰਜਾਬ ਵਿੱਚ ਇੱਕ ਤੋਂ ਵੱਧ ਹੋਰ ਵਿਧਾਇਕ ਹੁੰਦੇ, ਤਾਂ ਇਹ ਹੁਣ ਤੱਕ ਪੰਜਾਬ ਨੂੰ ਹਰਿਆਣਾ ਅਤੇ ਕੇਂਦਰ ਕੋਲ ਗਿਰਵੀ ਰੱਖ ਚੁੱਕੀ ਹੁੰਦੀ। ਮਾਨ ਸਾਹਿਬ ਨੇ ਪਾਣੀ ਲਈ ਜਿਸ ਤਰ੍ਹਾਂ ਬਹਾਦਰੀ ਨਾਲ ਲੜਾਈ ਲੜੀ ਹੈ, ਉਸ ਦੀ ਸਾਰਾ ਪੰਜਾਬ ਪ੍ਰਸ਼ੰਸਾ ਕਰ ਰਿਹਾ ਹੈ। ਮਾਨ ਸਾਹਿਬ ਨੇ ਨੀਤੀ ਆਯੋਗ ਦੀ ਮੀਟਿੰਗ ਵਿੱਚ ਵੀ ਇਹ ਮੁੱਦਾ ਉਠਾਇਆ ਸੀ। ਪਿਛਲੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਹਰਿਆਣਾ ਅਤੇ ਰਾਜਸਥਾਨ ਨੂੰ ਪੰਜਾਬ ਤੋਂ ਪਾਣੀ ਮਿਲਦਾ ਰਿਹਾ। ਜੇਕਰ ਹਰਿਆਣਾ ਨੂੰ ਗ਼ਲਤ ਸਿਸਟਮ ਕਾਰਨ ਪਾਣੀ ਮਿਲਦਾ ਰਹਿੰਦਾ ਹੈ ਤਾਂ ਉਸ ਪਾਣੀ 'ਤੇ ਪੰਜਾਬ ਦਾ ਹੱਕ ਹੈ, ਹਰਿਆਣਾ ਦਾ ਨਹੀਂ। ਉਸ ਸਮੇਂ ਦੇ ਮੁੱਖ ਮੰਤਰੀ ਦੇ ਫਾਰਮ ਹਾਊਸ ਤੱਕ ਨਹਿਰਾਂ ਪੁੱਟੀਆਂ ਗਈਆਂ ਸਨ। ਕਿਸਾਨ ਮਾਨ ਸਾਹਿਬ ਦੀ ਪ੍ਰਸ਼ੰਸਾ ਕਰਦੇ ਹਨ ਕਿ 40-40 ਸਾਲਾਂ ਬਾਅਦ ਉਨ੍ਹਾਂ ਨੂੰ ਨਹਿਰੀ ਪਾਣੀ ਮਿਲਿਆ।



ਸੁਨੀਲ ਜਾਖੜ ਨੂੰ ਮੇਰਾ ਸਵਾਲ ਹੈ ਕਿ ਕੀ ਉਹ ਸੀਆਈਐਸਐਫ ਦੀ ਨਿਯੁਕਤੀ ਦਾ ਸਮਰਥਨ ਕਰਦੇ ਹਨ ਜਾਂ ਵਿਰੋਧ ਕਰਦੇ ਹਨ। ਪੰਜਾਬ ਭਾਜਪਾ ਨੂੰ ਪੰਜਾਬ ਦੇ ਪਾਣੀ ਦੇ ਮੁੱਦੇ 'ਤੇ ਆਪਣਾ ਸਟੈਂਡ ਸਪੱਸ਼ਟ ਕਰਨਾ ਚਾਹੀਦਾ ਹੈ।

## ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੇ 520 ਬਿਸਤਰਿਆਂ ਵਾਲੇ ਆਦੀਵਾਸੀ ਹੋਸਟਲ ਦੇ ਨਿਰਮਾਣ ਲਈ ਭੂਮੀ ਪੂਜਨ ਕੀਤਾ

### ਪੰਜਾਬ ਸਰਕਾਰ ਨੇ ਅਨੁਸੂਚਿਤ ਵਰਗ ਦੇ ਵਿਕਾਸ ਲਈ ਰੱਖੇ ਕਰੋੜਾਂ ਰੁਪਏ ਸੜਕਾਂ, ਪਾਰਕਾਂ ਅਤੇ ਸਮਸ਼ਾਨਭੂਮੀ ਵਰਗੇ ਕੰਮਾਂ ਲਈ ਟਰਾਂਸਫਰ ਕੀਤੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ INTERNATIONAL PAPER, 94636 01616 hardipchumber57@gmail.com

ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੇ 520 ਬਿਸਤਰਿਆਂ ਵਾਲੇ ਆਦਿਵਾਸੀ ਹੋਸਟਲ ਦੇ ਨਿਰਮਾਣ ਲਈ ਭੂਮੀ ਪੂਜਨ ਕੀਤਾ। ਓਥੇ ਜਿਕਰ ਕਰਨਾ ਬਣਦਾ ਹੈ ਕਿ ਪੰਜਾਬ ਦੀ ਸਰਕਾਰ ਨੇ ਪਿਛਲੇ ਹਫਤੇ ਅਨੁਸੂਚਿਤ ਵਰਗ ਦੇ ਵਿਕਾਸ ਲਈ ਰੱਖੇ ਕਰੋੜਾਂ ਰੁਪਏ ਸੜਕਾਂ, ਪਾਰਕਾਂ ਅਤੇ ਸਮਸ਼ਾਨਭੂਮੀ ਵਰਗੇ ਕੰਮਾਂ ਲਈ ਲਾਉਣ ਲਈ ਟਰਾਂਫਰ ਕਰ ਦਿੱਤੇ ਹਨ। ਸਰਕਾਰ ਨੇ ਇਹ ਕੰਮ ਕੋਈ ਨਵਾਂ ਨਹੀਂ ਕੀਤਾ, ਇਸ ਤਰਾਂ ਦੇ ਕੰਮ ਕਾਂਗਰਸ, ਅਕਾਲੀ ਭਾਜਪਾ ਵੀ ਕਰਦੀਆਂ ਰਹੀਆਂ

ਆਦਿਵਾਸੀ ਹੋਸਟਲ ਦੇ ਨਿਰਮਾਣ ਲਈ ਭੂਮੀ ਪੂਜਨ ਮੌਕੇ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਭਲਾਈ ਵਿਭਾਗ ਦੇ ਸਾਰੇ ਹੋਸਟਲਾਂ ਦਾ ਨਵੀਨੀਕਰਨ ਕਰਨ ਦਾ ਫੈਸਲਾ ਕੀਤਾ ਹੈ। ਇਸ ਕੜੀ ਵਿੱਚ, ਅੱਜ ਭੂਮੀ ਪੂਜਨ ਨਾਲ ਕਬਾਇਲੀ ਹੋਸਟਲ ਬਣਾਉਣ ਦਾ ਸਾਡਾ ਦ੍ਰਿਸ਼ਟੀਕੋਣ ਸਾਕਾਰ ਹੋ ਰਿਹਾ ਹੈ।



ਝਾਰਖੰਡ ਦੇ ਵਿਦਿਆਰਥੀਆਂ ਦੇ ਬਿਹਤਰ ਭਵਿੱਖ ਨੂੰ ਯਕੀਨੀ ਬਣਾਉਣ ਲਈ, ਸਰਕਾਰ ਉਨ੍ਹਾਂ ਨੂੰ ਹਰ ਸਾਧਨ ਪ੍ਰਦਾਨ ਕਰੇਗੀ, ਤਾਂ ਜੋ ਵਿਦਿਆਰਥੀ ਹਰ ਖੇਤਰ ਵਿੱਚ ਚੰਗਾ ਸਥਾਨ ਪ੍ਰਾਪਤ ਕਰ ਸਕਣ। ਮੁੱਖ ਮੰਤਰੀ ਹੇਮੰਤ ਸੋਰੇਨ ਨੇ ਇਹ ਗੱਲਾਂ ਵੀਰਵਾਰ, 22 ਮਈ ਨੂੰ ਰਾਂਚੀ ਦੇ ਕਰਮਟੋਲੀ ਵਿੱਚ ਕਬਾਇਲੀ ਕਾਲਜ ਹੋਸਟਲ ਕੈਂਪਸ ਵਿੱਚ 520 ਬਿਸਤਰਿਆਂ ਵਾਲੇ ਅਨੁਸੂਚਿਤ ਕਬਾਇਲੀ ਬਹੁ-ਮੰਜ਼ਿਲਾ ਹੋਸਟਲ ਦੇ ਨਿਰਮਾਣ ਲਈ ਭੂਮੀ ਪੂਜਨ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਕਹੀਆਂ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਸਕੂਲ ਅਤੇ ਕਾਲਜ ਸਿੱਖਿਆ ਵਿੱਚ ਇੱਕ ਨਵਾਂ ਆਯਾਮ ਜੋੜਨ ਲਈ ਲਗਾਤਾਰ ਕੰਮ ਕਰ ਰਹੀ ਹੈ।

ਵਿਦਿਆਰਥੀਆਂ ਨੂੰ ਸਿਰਫ਼ ਆਪਣੀ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ: ਮੁੱਖ ਮੰਤਰੀ

ਮੁੱਖ ਮੰਤਰੀ ਹੇਮੰਤ ਸੋਰੇਨ ਨੇ ਵਿਦਿਆਰਥੀਆਂ ਨੂੰ ਸਿਰਫ਼ ਆਪਣੀ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨ ਲਈ ਕਿਹਾ। ਉਨ੍ਹਾਂ ਨੂੰ ਜੋ ਵੀ ਸਮੱਸਿਆਵਾਂ ਅਤੇ ਚਿੰਤਾਵਾਂ ਹਨ, ਸਰਕਾਰ ਉਨ੍ਹਾਂ ਦਾ ਹੱਲ ਕਰੇਗੀ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਆਪਣੇ ਘਰਾਂ ਤੋਂ ਚੌਲ, ਦਾਲਾਂ ਅਤੇ ਹੋਰ ਖਾਣ-ਪੀਣ ਦੀਆਂ ਚੀਜ਼ਾਂ ਲਿਆਉਣ ਦੀ ਜ਼ਰੂਰਤ ਨਹੀਂ ਪਵੇਗੀ। ਉਨ੍ਹਾਂ ਨੂੰ ਸਰਕਾਰ ਵੱਲੋਂ ਤਿੰਨ ਸਮੇਂ ਦੇ ਖਾਣੇ ਲਈ ਪੌਸ਼ਟਿਕ ਭੋਜਨ ਮੁਹੱਈਆ ਕਰਵਾਇਆ ਜਾਵੇਗਾ। ਇੱਥੇ ਇੱਕ ਰਸੋਈਆ ਅਤੇ ਇੱਕ ਚੌਕੀਦਾਰ ਵੀ ਹੋਵੇਗਾ। ਇਸ ਦੇ ਨਾਲ ਹੀ ਵਿਦਿਆਰਥੀਆਂ ਦੀ ਪੜ੍ਹਾਈ ਨਾਲ ਸਬੰਧਤ ਜ਼ਰੂਰੀ ਸਰੋਤਾਂ ਦਾ ਵੀ ਪ੍ਰਬੰਧ ਹੋਵੇਗਾ।

ਸਰਕਾਰ ਬੱਚਿਆਂ ਦੀ ਤਰੱਕੀ ਵਿੱਚ ਪੂਰਾ ਸਹਿਯੋਗ ਦੇਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਮੁਕਾਬਲੇ ਦਾ ਯੁੱਗ ਹੈ। ਸਰਕਾਰ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਤੋਂ ਲੈ ਕੇ ਮੈਡੀਕਲ, ਇੰਜੀਨੀਅਰਿੰਗ ਅਤੇ ਕਾਨੂੰਨ ਵਰਗੇ ਕੋਰਸਾਂ ਦੀ ਪੜ੍ਹਾਈ ਤੱਕ ਹਰ ਪੱਧਰ 'ਤੇ ਸਹਾਇਤਾ ਕਰ ਰਹੀ ਹੈ। ਇਹ ਯਕੀਨੀ ਬਣਾਉਣ ਲਈ ਕਿ ਇੱਥੋਂ ਦੇ ਗਰੀਬ ਬੱਚਿਆਂ ਨੂੰ ਇੰਜੀਨੀਅਰਿੰਗ ਅਤੇ ਮੈਡੀਕਲ ਵਰਗੇ ਕੋਰਸ ਕਰਨ ਵਿੱਚ ਵਿੱਤੀ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ, ਗੁਰੂ ਜੀ ਕ੍ਰੈਡਿਟ ਕਾਰਡ ਸਕੀਮ ਰਾਹੀਂ ਬਿਨਾਂ ਕਿਸੇ ਗਰੰਟੀ ਦੇ 15 ਲੱਖ ਰੁਪਏ ਤੱਕ ਦੇ ਕਿਫਾਇਤੀ ਕਰਜ਼ੇ ਉਪਲਬਧ ਕਰਵਾਏ ਜਾ ਰਹੇ ਹਨ। ਇੱਥੋਂ ਦੇ ਬੱਚਿਆਂ ਨੂੰ ਸਿਵਲ ਸੇਵਾਵਾਂ ਵਰਗੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਸਫਲ ਹੋਣ ਦੇ ਯੋਗ ਬਣਾਉਣ ਲਈ, ਉਨ੍ਹਾਂ ਨੂੰ ਕੋਚਿੰਗ ਅਤੇ ਹੋਰ ਸਰੋਤ ਪ੍ਰਦਾਨ ਕੀਤੇ ਜਾ ਰਹੇ ਹਨ।

## ਕੁੰਵਰ ਵਿਜੈ ਪ੍ਰਤਾਪ ਸਿੰਘ MLA ਰਮਨ ਅਰੋੜਾ ਦੀ ਗ੍ਰਿਫ਼ਤਾਰੀ ਤੋਂ ਹੈਰਾਨ, ਕਹੀ ਇਹ ਗੱਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ INTERNATIONAL PAPER, 94636 01616 hardipchumber57@gmail.com

ਸਾਬਕਾ ਪੁਲਿਸ ਅਧਿਕਾਰੀ ਅਤੇ ਅੰਮ੍ਰਿਤਸਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਇਕ ਵਾਰ ਫਿਰ ਆਪ ਦੀ ਕਾਰਗੁਜ਼ਾਰੀ ਉਤੇ ਸਵਾਲ ਖੜੇ ਕੀਤੇ ਹਨ। ਹਾਲਾਂਕਿ ਉਹ ਪਹਿਲਾਂ ਵੀ ਵੱਖ ਵੱਖ ਮੰਚਾਂ, ਇਥੇ ਤੱਕ ਕਿ ਵਿਧਾਨ ਸਭਾ ਵਿਚ ਵੀ ਸਰਕਾਰ ਦੇ ਕੰਮਕਾਜ਼ ਨੂੰ ਲੈ ਕੇ ਖੁੱਲਕੇ ਬੋਲ ਰਹਿੰਦੇ ਹਨ, ਪਰ ਹੁਣ ਉਹਨਾਂ ਨੇ ਜਲੰਧਰ ਸੈਂਟਰਲ ਦੇ ਵਿਧਾਇਕ ਰਮਨ ਅਰੋੜਾ ਖਿਲਾਫ਼ ਕੇਸ ਦਰਜ਼ ਕਰਨ ਤੇ ਗ੍ਰਿਫ਼ਤਾਰ ਕੀਤੇ ਜਾਣ ਉਤੇ ਹੈਰਾਨੀ ਪ੍ਰਗਟ ਕੀਤੀ ਹੈ।

ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਆਪਣੇ ਫੇਸਬੁੱਕ ਪੇਜ਼ ਉਤੇ ਟਿਪਣੀ ਕਰਦਿਆਂ ਕਿਹਾ ਕਿ ਜਲੰਧਰ ਦੇ ਵਿਧਾਇਕ ਰਮਨ ਅਰੋੜਾ ਜੀ ਦੀ ਗ੍ਰਿਫ਼ਤਾਰੀ ਅਤੇ ਉਨਾਂ ਵਿਰੁੱਧ ਦਰਜ਼ ਐਫ.ਆਈ. ਆਰ ਸੁਣਕੇ ਬਹੁਤ ਹੈਰਾਨੀ ਹੋਈ ਹੈ। ਕਿਉਂਕਿ ਉਹ ਮੁੱਖ ਮੰਤਰੀ ਸਾਹਿਬ ਦੇ ਪਰਿਵਾਰਕ ਮੈਂਬਰ ਵਜੋਂ ਜਾਣੇ ਜਾਂਦੇ ਸਨ। ਵਿਧਾਇਕ ਸਾਹਿਬ ਨੂੰ ਅਕਸਰ ਮੁੱਖ ਮੰਤਰੀ ਜੀ ਦੇ ਪਰਿਵਾਰ ਦੇ ਨਜ਼ਦੀਕੀ ਮੈਂਬਰਾਂ ਦੀ ਮੇਜ਼ਬਾਨੀ ਕਰਦੇ ਦੇਖਿਆ ਜਾਂਦਾ ਸੀ।

ਕੁੱਝ ਲੋਕ ਇਸਨੂੰ ਲੁਧਿਆਣਾ ਵਿਚ ਹੋਣ ਜਾ ਰਹੇ ਉਪ ਚੋਣ ਨਾਲ ਜੋੜ ਰਹੇ ਹਨ ਤੇ ਕੋਈ ਇਸ ਨੂੰ ਘੋਰ ਭ੍ਰਿਸ਼ਟਾਚਾਰ ਦਾ ਮਾਮਲਾ ਕਹਿ ਰਿਹਾ ਹੈ। ਇਸੇ ਤਰਾਂ ਸੰਗਰੂਰ ਉਪ ਚੋਣ ਤੋਂ ਪਹਿਲਾਂ ਮਾਣਯੋਗ ਵਿਧਾਇਕ ਤੇ ਸਿਹਤ ਮੰਤਰੀ ਵਿਜੇ ਸਿੰਗਲਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਪਰ ਉਹਨਾਂ ਦੇ ਖਿਲਾਫ਼ ਅੱਜ ਤੱਕ ਕੁੱਝ ਨਹੀਂ ਮਿਲਿਆ ਅਤੇ ਮਾਮਲਾ ਅਦਾਲਤ ਵਿਚ ਵੀ ਨਹੀਂ ਜਾ ਸਕਿਆ।

ਕੁੰਵਰ ਵਿਜੇ ਪ੍ਰਤਾਪ ਸਿੰਘ ਅੱਗੇ ਲਿਖਦੇ ਹਨ ਸੱਚ ਕੀ ਹੈ? ਇਹ ਸਾਡੀ ਸਮਝ ਤੋਂ ਪਰੇ ਹੈ, ਪਰ ਇਹ ਸੱਚ ਹੈ ਕਿ ਸਾਡੀ ਪਾਰਟੀ ਵਿੱਚ ਮਨੀਟਰਿੰਗ ਦਾ ਕੋਈ ਸਿਸਟਮ ਨਹੀਂ ਹੈ। ਜੇਕਰ ਕੋਈ MLA ਜਾਂ ਮੰਤਰੀ ਜਾਂ ਕੋਈ ਲੀਡਰ ਗਲਤੀ ਕਰਦਾ ਹੈ ਤਾਂ ਉਸਨੂੰ ਸਮਝਾ ਬੁਝਾ ਕੇ ਸਹੀ ਰਾਹ ਤੇ ਲਿਆਉਣ ਵਾਲਾ ਕੋਈ ਨਹੀਂ ਹੈ ਨਾ ਹੀ ਅਜਿਹਾ ਕੋਈ



ਪ੍ਰਬੰਧ ਕੀਤਾ ਗਿਆ ਹੈ>

ਅਜਿਹੀ ਸਥਿਤੀ ਵਿੱਚ ਪਾਰਟੀ ਅਤੇ ਸਰਕਾਰ ਦੀ ਭਰੋਸੇਯੋਗਤਾ ਨੂੰ ਬਹੁਤ ਨੁਕਸਾਨ ਪਹੁੰਚਦਾ ਹੈ ਅਤੇ ਵਿਰੋਧੀ ਪਾਰਟੀਆਂ ਨੂੰ ਇਸਦਾ ਸਿੱਧਾ ਫਾਇਦਾ ਹੁੰਦਾ ਹੈ। ਉਹ ਪਹਿਲਾਂ ਤੋਂ ਹੀ ਇਸਦੀ ਭਾਲ ਕਰਦੇ ਆ ਰਹੇ ਹਨ ਖੈਰ ਸੱਚਾਈ ਜੋ ਵੀ ਹੋਵੇ ਅਸੀਂ ਆਪਣੀ ਪਾਰਟੀ ਅਤੇ ਸਰਕਾਰ ਦੀ ਭਰੋਸੇਯੋਗਤਾ ਨੂੰ ਬਚਾਉਣ ਲਈ ਹਰ ਤਰੀਕੇ ਨਾਲ ਕੋਸ਼ਿਸ਼ ਕਰਦੇ ਰਹਾਂਗੇ।

# ਭਾਰਤੀ ਚੋਣ ਕਮਿਸ਼ਨ ਵੱਲੋਂ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣਾਂ ਦਾ ਨੋਟੀਫਿਕੇਸ਼ਨ ਜਾਰੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ INTERNATIONAL PAPER, 94636 01616 hardipchumber57@gmail.com

ਲੁਧਿਆਣਾ , 25 ਮਈ ( ਵਿਸ਼ਵ ਵਾਰਤਾ)-ਪੰਜਾਬ ਦੇ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਤੋਂ ਜਿਮਨੀ ਚੋਣ ਲਈ ਵੋਟਾਂ 19 ਜੂਨ ਨੂੰ ਪੈਣਗੀਆਂ। ਇਹ ਦਾਅਵਾ ਭਾਰਤੀ ਚੋਣ ਕਮਿਸ਼ਨ ਵਲੋਂ ਅੱਜ ਸਵੇਰੇ ਜਾਰੀ ਕੀਤੇ ਨੋਟੀਫਿਕੇਸ਼ਨ ਵਿੱਚ ਕੀਤਾ ਗਿਆ ਹੈ।

ਮਿਲੀ ਸੂਚਨਾ ਮੁਤਾਬਕ ਜਿਮਨੀ ਚੋਣ ਲਈ ਨਾਮਜਦਗੀਆਂ 26 ਮਈ ਤੋਂ ਭਰਨੀਆਂ ਆਰੰਭ ਹੋਣਗੀਆਂ ਅਤੇ 2 ਜੂਨ ਤੱਕ ਭਰੀਆਂ ਜਾਣਗੀਆਂ। ਇਸ ਤੋਂ ਮਗਰੋਂ 3 ਜੂਨ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਹੋਵੇਗੀ ਅਤੇ 5 ਜੂਨ ਨੂੰ ਨਾਮਜਦਗੀ ਪੱਤਰ ਵਾਪਸ ਲਏ ਜਾ ਸਕਣਗੇ। ਜਿਮਨੀ ਚੋਣਾਂ ਲਈ ਵੋਟਿੰਗ 19 ਜੂਨ ਨੂੰ ਹੋਵੇਗੀ ਅਤੇ ਵੋਟਾਂ ਦੀ ਗਿਣਤੀ 23 ਜੂਨ ਨੂੰ ਕੀਤੀ ਜਾਵੇਗੀ।

ਭਾਰਤੀ ਚੋਣ ਕਮਿਸ਼ਨ ਨੇ ਪੰਜਾਬ ਦੇ ਨਾਲ ਨਾਲ ਗੁਜਰਾਤ ਦੀਆਂ ਦੋ ਵਿਧਾਨ ਸਭਾ ਸੀਟਾਂ, ਕੇਰਲਾ ਅਤੇ ਪੱਛਮੀ ਬੰਗਾਲ ਦੀ ਇੱਕ ਇੱਕ ਵਿਧਾਨ ਸਭਾ ਸੀਟ ਤੇ ਜਿਮਨੀ ਚੋਣ 19 ਜੂਨ ਨੂੰ ਹੀ ਕਰਵਾਉਣ ਦਾ ਫੈਸਲਾ ਕੀਤਾ।

ਦੱਸਿਆ ਜਾਂਦਾ ਹੈ ਕਿ ਹੈ ਕਿ ਰਾਜ ਦੇ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਤੋਂ ਵਿਧਾਇਕ ਗੁਰਪ੍ਰੀਤ ਸਿੰਘ ਗੋਗੀ ਦੀ ਹੋਈ ਮੌਤ ਤੋਂ ਮਗਰੋਂ ਇਹ ਸੀਟ ਖਾਲੀ ਹੋ ਗਈ ਸੀ ।

# ਪੰਥਕ ਧਰਤੀ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਹੋਏ ਵੱਡੇ ਇਕੱਠ ਨੇ ਭਰਤੀ ਮੁਹਿੰਮ ਦੀ ਸਫ਼ਲਤਾ ਤੇ ਮੋਹਰ ਲਗਾਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ INTERNATIONAL PAPER, 94636 01616 hardipchumber57@gmail.com



ਆਪਣੇ ਨਿੱਜੀ ਸਵਾਰਥਾਂ ਅਤੇ ਨਿੱਜ ਪ੍ਰਸਤ ਕਰਕੇ ਸਿਆਸੀ ਅਗਵਾਈ ਦਾ ਨੈਤਿਕ ਆਧਾਰ ਗੁਆ ਚੁੱਕੀ ਲੀਡਰਸ਼ਿਪ ਕਰਕੇ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣੀ ਭਰਤੀ ਕਮੇਟੀ ਮੈਂਬਰਾਂ ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜੱਥੇਦਾਰ ਇਕਬਾਲ ਸਿੰਘ ਝੂੰਦਾਂ, ਜੱਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ ਦੀ ਅਗਵਾਈ ਹੇਠ ਪੰਥਕ ਧਰਤੀ ਸ੍ਰੀ ਫਤਹਿਗੜ੍ਹ ਸਾਹਿਬ ਤੇ ਲਾ ਮਿਸਾਲ ਇਕੱਠ ਹੋਇਆ ਅਤੇ ਪੁਨਰ ਸੁਰਜੀਤੀ ਮੁਹਿੰਮ ਨੂੰ ਵੱਡਾ ਬਲ ਮਿਲਿਆ।

ਇਸ ਮੌਕੇ ਸਾਬਕਾ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਖਾਸ ਤੌਰ ਤੇ ਸ਼ਮੂਲੀਅਤ ਕਰਦੇ ਆਪਣੇ ਸੰਬੋਧਨ ਵਿੱਚ ਕੌਮ ਅਤੇ ਪੰਥ ਨੂੰ ਇਸ ਵੇਲੇ ਗੰਭੀਰ ਸੰਕਟ ਵਿੱਚੋ ਗੁਜਰ ਰਹੀ ਹੈ। ਇਹ ਸੰਕਟ ਪੰਥ ਦੀ ਨੁਮਾਇੰਦਾ ਸਿਆਸੀ ਜਮਾਤ ਦੇ ਕਮਜ਼ੋਰ ਪੈਣ ਕਰਕੇ ਉੱਭਰਿਆ। ਪੰਥ ਦੀ ਨੁਮਾਇਦਾ ਜਮਾਤ ਦੇ ਕਮਜੋਰ ਹੋਣ ਪਿੱਛੇ ਨਿੱਜ ਪ੍ਰਸਤ ਅਤੇ ਮੌਕਾ ਪ੍ਰਸਤ ਲੀਡਰਸ਼ਿਪ ਪੂਰੀ ਤਰਾਂ ਜ਼ਿੰਮੇਵਾਰ ਹਨ। ਕਾਲੇ ਦੌਰ ਵਿੱਚ ਸਿੱਖ ਨੌਜਵਾਨਾਂ ਨਾਲ ਹੋਏ ਤਸ਼ੱਦਦ ਲਈ ਇਨਸਾਫ਼ ਦਿਵਾਉਣ ਦੀ ਵਚਨਬੱਧਤਾ ਨੂੰ 1997 ਦੀ ਪੰਥਕ ਸਰਕਾਰ ਵੇਲੇ ਤੋੜਿਆ ਗਿਆ। ਪੰਥ ਅਤੇ ਕੌਮ ਦੇ ਦਿਲ ਵਿੱਚੋ ਪੰਥਕ ਪਾਰਟੀ ਦੀ ਲੀਡਰਸ਼ਿਪ ਨੇ ਸਮੇਂ ਸਮੇਂ ਤੇ ਆਪਣਾ ਵਿਸ਼ਵਾਸ ਗੁਆਇਆ ਜਿਸ ਦਾ ਨਤੀਜਾ ਅੱਜ ਪੰਜਾਬ ਅਤੇ ਕੌਮ ਭੁਗਤ ਰਹੀ ਹੈ।

ਸਰਦਾਰ ਮਨਪ੍ਰੀਤ ਸਿੰਘ ਇਯਾਲੀ ਨੇ ਆਪਣੇ ਸੰਬੋਧਨ ਵਿੱਚ ਨੌਜਵਾਨਾਂ ਨੂੰ ਆਪਣੀ ਖੇਤਰੀ ਅਤੇ ਪੰਥਕ ਜਮਾਤ ਨੂੰ ਮਜ਼ਬੂਤ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ। ਸਰਦਾਰ ਇਯਾਲੀ ਨੇ ਕਿਹਾ ਕਿ ਸਿੱਖਾਂ ਦੀ ਰਾਜਸੀ ਸ਼ਕਤੀ ਕਮਜ਼ੋਰ ਹੋਣ ਦੇ ਬਹੁਤ ਸਾਰੇ ਕਾਰਨ ਹੋ ਸਕਦੇ ਹਨ, ਪਰ ਸਭ ਤੋਂ ਵੱਡਾ ਕਾਰਨ ਪੰਥਕ ਪਾਰਟੀ ਦੀ ਅਗਵਾਈ ਕਰਨ ਵਾਲੀ ਲੀਡਰਸ਼ਿਪ ਦਾ ਗੁਆਚ ਚੁੱਕਾ ਵਿਸ਼ਵਾਸ ਹੈ। ਇਸ ਵਿਸ਼ਵਾਸ ਦੀ ਮੁੜ ਬਹਾਲੀ ਕਰਕੇ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਪੁਨਰ ਸੁਰਜੀਤ ਕੀਤਾ ਜਾ ਸਕਦਾ ਹੈ। ਸਰਦਾਰ ਇਯਾਲੀ ਨੇ ਕਿਹਾ ਕਿ ਨਿੱਜ ਪ੍ਰਸਤ ਅਤੇ ਲਾਲਚ ਪ੍ਰਸਤ ਤੋਂ ਉਪਰ ਉਠ ਕੇ ਯੋਗ ਅਤੇ ਸਮਰੱਥਾ ਵਾਲੀ ਲੀਡਰਸ਼ਿਪ ਦੀ ਭਾਲ ਅਤੇ ਲੋੜ ਸਮੇਂ ਦੀ ਸਭ ਤੋਂ ਵੱਡੀ ਜਰੂਰਤ ਹੈ। ਇਸ ਲੋੜ ਅਤੇ ਭਾਲ ਨੂੰ ਭਰਤੀ ਕਮੇਟੀ ਜਲਦ ਪੂਰਾ ਕਰੇਗੀ।

ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਅੱਜ ਦੁਨੀਆਂ ਭਰ ਵਿੱਚ ਵਸਦੇ ਸਿੱਖਾਂ ਦੀ ਨਜ਼ਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਥਾਪੜੇ ਤੇ ਬਣੀ ਭਰਤੀ ਕਮੇਟੀ ਤੇ ਲੱਗੀ ਹੋਈ ਹੈ। ਪੰਜਾਬ ਦੀ ਤਰਾਂ ਦੁਨੀਆਂ ਭਰ ਦੇ ਸਿੱਖ ਚਾਹੁੰਦੇ ਹਨ ਕਿ ਓਹਨਾ ਦੀ ਆਪਣੀ ਸਿਆਸੀ ਧਿਰ ਮਜ਼ਬੂਤ ਹੋਏ। ਸਰਦਾਰ ਵਡਾਲਾ ਨੇ ਕਿਹਾ ਕਿ 1920 ਵਿੱਚ ਪੰਥ ਦੀ ਵਾੜ ਲਈ ਤਿਆਰ ਹੋਈ ਜਮਾਤ ਨੂੰ ਪੁਨਰ ਸੁਰਜੀਤ ਕਰਨ ਲਈ ਅੱਜ ਪੰਥ ਅਤੇ ਪੰਜਾਬ ਲਹਿਰ ਦੇ ਰੂਪ ਵਿੱਚ ਉੱਠ ਚੁੱਕਾ ਹੈ, ਆਉਣ ਵਾਲੇ ਸਮੇਂ ਅੰਦਰ ਪੰਥ, ਕੌਮ ਅਤੇ ਪੰਜਾਬੀਆਂ ਦੇ ਸੁਪਨੇ ਵਾਲੀ ਲੀਡਰਸ਼ਿਪ ਜਰੂਰ ਮਿਲੇਗੀ।

ਜੱਥੇਦਾਰ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਹੋਈ ਸ਼ਰਮਨਾਕ ਹਾਰ ਤੋਂ ਜੇਕਰ ਸਬਕ ਲਿਆ ਹੁੰਦਾ ਤਾਂ ਅੱਜ ਪਾਰਟੀ ਸਿਆਸੀ ਹਸ਼ਰ ਤੋਂ ਬਚ ਸਕਦੀ ਸੀ। ਝੂੰਦਾਂ ਕਮੇਟੀ ਦੀਆਂ ਸਿਫਾਰਸ਼ਾਂ ਵਾਲੀ ਰਿਪੋਰਟ ਨੂੰ ਮੰਨਣ ਤੋਂ ਇਨਕਾਰੀ ਲੀਡਰਸ਼ਿਪ ਦੇ ਰਵਈਏ ਦਾ ਨੁਕਸਾਨ ਅੱਜ ਸਿਆਸੀ ਤੌਰ ਤੇ ਪੰਜਾਬ ਭੁਗਤਣ ਲਈ ਮਜਬੂਰ ਹੋ ਚੁੱਕਾ ਹੈ।

ਜੱਥੇਦਾਰ ਸੰਤਾ ਸਿੰਘ ਉਮੈਦਪੁਰ ਨੇ ਸਿੱਖ ਕੌਮ ਦੇ ਤਾਜਾ ਹਲਾਤਾਂ ਤੇ ਚਿੰਤਾ ਜਾਹਿਰ ਕੀਤੀ। ਜੱਥੇਦਾਰ ਉਮੈਦਪੁਰੀ ਨੇ ਕਿਹਾ ਕਿ ਇਤਿਹਾਸ ਵਿੱਚ ਪਹਿਲੀ ਵਾਰ ਤਖਤਾਂ ਦਾ ਆਪਸੀ ਟਕਰਾਅ ਨੇ ਪੰਥ ਅਤੇ ਕੌਮ ਸਾਹਮਣੇ ਦੁਬਿਧਾ ਵਾਲੀ ਸਥਿਤੀ ਬਣਾ ਦਿੱਤੀ ਹੈ। ਜੱਥੇਦਾਰ ਸਾਹਿਬਾਨ ਦਾ ਨਿਰਾਦਰ ਕਰਕੇ ਓਹਨਾ ਨੂੰ ਹਟਾਇਆ ਜਾ ਰਿਹਾ ਹੈ। ਕੁਝ ਲੋਕਾਂ ਦੀ ਅਧੀਨਤਾ ਹੇਠ ਵੱਡੇ ਪੰਥਕ ਫੈਸਲੇ ਕੀਤੇ ਜਾ ਰਹੇ ਨੇ ਜਿਹੜੇ ਇੱਕ ਧਿਰ ਨੂੰ ਖੁਸ਼ ਕਰਨ ਲਈ ਪੂਰੀ ਕੌਮ ਅਤੇ ਪੰਥ ਦਾ ਨੁਕਸਾਨ ਕਰ ਰਹੇ ਹਨ।

ਬੀਬੀ ਸਤਵੰਤ ਕੌਰ ਨੇ ਸਿੱਖ ਇਤਿਹਾਸ ਤੇ ਚਾਨਣਾ ਪਾਉਂਦੇ ਸ੍ਰੀ ਫਤਹਿਗੜ੍ਹ ਸਾਹਿਬ ਦੀ ਧਰਤੀ ਦਾ ਜਿਕਰ ਕਰਦਿਆਂ ਕਿਹਾ ਕਿ ਇਸ ਧਰਤੀ ਨੇ ਕੌਮ ਨੂੰ ਜਜ਼ਬਾ ਦਿੱਤਾ ਹੈ। ਇਸ ਧਰਤੀ ਨੇ ਕੌਮ ਨੂੰ ਸੱਚ ਤੇ ਡਟਣ ਦਾ ਰਾਹ ਦਿਖਾਇਆ ਹੈ। ਬੀਬੀ ਸਤਵੰਤ ਕੌਰ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਅੱਜ ਲੋੜ ਹੈ ਸੱਚ ਦੇ ਦਿਖਾਏ ਰਸਤੇ ਤੇ ਚਲਿਆ ਜਾਵੇ। ਆਪਣੀ ਸਿਆਸੀ ਧਿਰ ਨੂੰ ਮਜ਼ਬੂਤ ਕਰਨ ਦਾ ਹੰਭਲਾ ਮਾਰਿਆ ਜਾਵੇ। ਇੱਕ ਅਜਿਹੀ ਲੀਡਰਸ਼ਿਪ ਦੀ ਭਾਲ ਨੂੰ ਪੂਰਾ ਕੀਤਾ ਜਾ ਸਕੇ ਜਿਹੜੀ ਪੂਰਨ ਰੂਪ ਵਿੱਚ ਪੰਥ ਅਤੇ ਪੰਜਾਬ ਨੂੰ ਜਵਾਬਦੇਹ ਅਤੇ ਸਮਰਪਿਤ ਹੋਵੇ।

ਇਸ ਮੌਕੇ ਪ੍ਰੋ ਪ੍ਰੇਮ ਸਿੰਘ ਚੰਦੂਮਾਜਰਾ ਨੇ ਹਾਜ਼ਰ ਸੰਗਤ ਦਾ ਧੰਨਵਾਦ ਕਰਦਿਆਂ ਪੰਜ ਮੈਂਬਰੀ ਭਰਤੀ ਕਮੇਟੀ ਵਲੋ ਜਾਰੀ ਭਰਤੀ ਮੁਹਿੰਮ ਨਾਲ ਜੁੜਨ ਦਾ ਨੌਜਵਾਨਾਂ ਨੂੰ ਖਾਸ ਅਪੀਲ ਕੀਤੀ ਗਈ।

ਇਹਨਾਂ ਤੋਂ ਇਲਾਵਾ ਰਿਟਾ: ਜਸਟਿਸ ਨਿਰਮਲ ਸਿੰਘ, ਬੀਬੀ ਸਤਵਿੰਦਰ ਕੌਰ ਧਾਲੀਵਾਲ ਸਾਬਕਾ ਐਮਪੀ, ਗੁਰਜੀਤ ਸਿੰਘ ਤਲਵੰਡੀ, ਅਮਰਿੰਦਰ ਸਿੰਘ ਲਿਬੜਾ, ਹਰਵੇਲ ਸਿੰਘ ਮਾਧੋਪੁੱਰ, ਲਖਵੀਰ ਸਿੰਘ ਥਾਬਲਾ ਆਦਿ ਨੇ ਵੀ ਸੰਬੋਧਨ ਕੀਤਾ।

ਅੱਜ ਦੀ ਇਸ ਮੀਟਿੰਗ ਵਿੱਚ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਸਾਬਕਾ ਮੈਬਰ ਪਾਰਲੀਮੈਂਟ ਬੀਬੀ ਪਰਮਜੀਤ ਕੌਰ ਗੁਲਸ਼ਨ, ਫੈਡਰੇਸ਼ਨ ਆਗੂ ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ, ਕੁਲਵੰਤ ਸਿੰਘ ਬਦੇਛੀ, ਦਰਬਾਰਾ ਸਿੰਘ ਰੰਧਾਵਾ ,ਰਣਬੀਰ ਸਿੰਘ ਪੂਨੀਆਂ , ਬਲਤੇਜ ਸਿੰਘ ਅਮਲੋਹ ,ਜੱਸਾ ਸਿੰਘ ਆਹਲੂਵਾਲੀਆ , ਹੈਪੀ ਵਿਰਕ , ਹਰਵਿੰਦਰ ਬੱਬਲ , ਅਮਰਜੀਤ ਸਿੰਘ ਸਾਬਕਾ ਮੈਨੇਜਰ, ਜਸਪਾਲ ਸਿੰਘ ਦਾਦੂਮਾਜਰਾ, ਮਾਸਟਰ ਚਰਨਜੀਤ ਸਿੰਘ ਖਾਲਸਪੁਰ ਐਡਵੋਕੇਟ ,ਅਮਰਜੀਤ ਸਿੰਘ ਚੀਮਾ, ਸਨੇਹਪਾਲ ਸਿੰਘ ਰਸੀਦਪੁਰ, ਹਰਵਿੰਦਰ ਸਿੰਘ ਬੱਬਲ,ਹਰੀ ਸਿੰਘ ਚਮਕ,ਬਲਬੀਰ ਸਿੰਘ ਬਾਜਵਾ , ਮੈਦਾਨ ਸਾਧਾ ਸਿੰਘ ਸਿੱਧੂ, ਮਾਸਟਰ ਜਗਦੀਸ਼ ਸਿੰਘ, ਲਵਪ੍ਰੀਤ ਸਿੰਘ ਪੰਜੋਲੀ ਸਮੇਤ ਵੱਡੀ ਗਿਣਤੀ ਵਿੱਚ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਸੰਗਤ ਹਾਜ਼ਰ ਰਹੀ।

# ਬਾਣੀਆ ਭਾਈਚਾਰਾ ਪੰਜਾਬ ਦੇ ਵਿਕਾਸ ਦਾ ਥੰਮ੍ਹ: ਕੇਜਰੀਵਾਲ ਅਤੇ ਮਾਨ ਵੱਲੋਂ ਮਹਾਰਾਜਾ ਅਗਰਸੇਨ ਨੂੰ ਸ਼ਰਧਾਂਜਲੀ ਭੇਟ

## ਆਪ ਸਰਕਾਰ ਸੁਰੱਖਿਆ, ਮਾਣ-ਸਤਿਕਾਰ ਅਤੇ ਕਾਰੋਬਾਰ ਨਾਲ ਜੁੜੇ ਮੁੱਦਿਆਂ ਦੇ ਹੱਲ ਲਈ ਜ਼ਿਲ੍ਹਾ ਪੱਧਰ 'ਤੇ ਵਪਾਰੀ ਬੋਰਡ ਗਠਿਤ ਕੀਤੇ ਜਾਣਗੇ: ਅਰਵਿੰਦ ਕੇਜਰੀਵਾਲ*

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ INTERNATIONAL PAPER, 94636 01616 hardipchumber57@gmail.com




ਪੰਜਾਬ ਵਿੱਚ ਹੁਣ ਪੰਜਾਬੀ ਵਿੱਚ ਨਹੀ, ਕੀ ਸਾਰੇ ਹਿੰਦੀ ਵਿੱਚ ਬੋਰਡ ਲਗਿਆ ਕਰਨਗੇ?

ਨਾਭਾ- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਮਹਾਰਾਜਾ ਅਗਰਸੇਨ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ।

ਇੱਥੇ ਕਰਵਾਏ ਗਏ ਇਕ ਸਮਾਗਮ ਵਿੱਚ ਮਹਾਰਾਜਾ ਅਗਰਸੇਨ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਇੱਕ ਮਹਾਨ ਸ਼ਾਸਕ ਦੱਸਿਆ, ਜਿਨ੍ਹਾਂ ਨੇ ਆਪਣੇ ਸ਼ਾਸਨ ਦੌਰਾਨ ਸਮਾਜਿਕ ਸਦਭਾਵਨਾ ਅਤੇ ਏਕਤਾ ਦੀਆਂ ਤੰਦਾਂ ਦੀ ਮਜ਼ਬੂਤੀ ਜ਼ਰੀਏ ਸਭਨਾਂ ਦੀ ਭਲਾਈ ਦਾ ਸੰਦੇਸ਼ ਦਿੱਤਾ। ਲੋਕਾਂ ਨੂੰ ਮਹਾਰਾਜਾ ਅਗਰਸੇਨ ਦੀ ਵਿਚਾਰਧਾਰਾ ਤੋਂ ਪ੍ਰੇਰਨਾ ਲੈਣ ਦਾ ਸੱਦਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਮਹਾਨ ਸ਼ਾਸਕ ਦੀਆਂ ਸਿੱਖਿਆਵਾਂ 'ਤੇ ਚੱਲਣਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਜਾਤ, ਰੰਗ, ਨਸਲ ਅਤੇ ਧਰਮ ਦੇ ਭੇਦਭਾਵ ਤੋਂ ਉਪਰ ਉੱਠ ਕੇ ਇਸ ਸ਼ੁਭ ਦਿਨ ਨੂੰ ਮਨਾਉਣ ਦੀ ਅਪੀਲ ਕੀਤੀ।

ਮੁੱਖ ਮੰਤਰੀ ਨੇ ਲੋਕਾਂ ਨੂੰ ਮਹਾਰਾਜਾ ਅਗਰਸੇਨ ਦੀ ਵਿਚਾਰਧਾਰਾ ਤੋਂ ਪ੍ਰੇਰਨਾ ਲੈਣ ਦਾ ਸੱਦਾ ਦਿੱਤਾ, ਜਿਨ੍ਹਾਂ ਨੇ ਆਪਣੇ ਸ਼ਾਸਨ ਦੌਰਾਨ ਸਦਭਾਵਨਾ ਅਤੇ ਏਕਤਾ ਰਾਹੀਂ ਭਲਾਈ ਦਾ ਸੰਦੇਸ਼ ਦਿੱਤਾ ਸੀ। ਉਨ੍ਹਾਂ ਕਿਹਾ ਕਿ ਅਗਰਵਾਲ ਭਾਈਚਾਰੇ ਨੇ ਦੇਸ਼ ਦੀ ਸਮਾਜਿਕ-ਆਰਥਿਕ ਤਰੱਕੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਉਮੀਦ ਹੈ ਕਿ ਇਹ ਭਾਈਚਾਰਾ ਭਵਿੱਖ ਵਿੱਚ ਵੀ ਵਿਕਾਸ ਪ੍ਰਕਿਰਿਆ ਵਿੱਚ ਹੋਰ ਸਰਗਰਮੀ ਨਾਲ ਹਿੱਸਾ ਲਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮਹਾਰਾਜਾ ਅਗਰਸੇਨ ਨੂੰ ਸੱਚੀ ਸ਼ਰਧਾਂਜਲੀ ਉਨ੍ਹਾਂ ਦੀਆਂ ਸਿੱਖਿਆਵਾਂ ਦੇ ਪਾਲਣ ਨਾਲ ਹੋਵੇਗੀ, ਜੋ ਮੌਜੂਦਾ ਹਾਲਾਤ ਵਿੱਚ ਵੀ ਢੁਕਵੀਂ ਹੈ।

ਮਹਾਰਾਜਾ ਅਗਰਸੇਨ ਜੀ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ 'ਆਪ' ਦੇ ਕੌਮੀ ਕਨਵੀਨਰ ਨੇ ਉਨ੍ਹਾਂ ਨੂੰ ਅਹਿੰਸਾ ਅਤੇ ਸ਼ਾਂਤੀ ਦਾ ਦੂਤ ਦੱਸਿਆ। ਉਨ੍ਹਾਂ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਨਾਭਾ ਵਿੱਚ ਮਹਾਰਾਜਾ ਅਗਰਸੇਨ ਦਰਬਾਰ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ ਜਾ ਰਿਹਾ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮਹਾਰਾਜਾ ਅਗਰਸੇਨ ਦਰਬਾਰ ਦੀ ਉਸਾਰੀ ਅਗਰਵਾਲ ਭਾਈਚਾਰੇ ਵੱਲੋਂ ਕੀਤੀ ਜਾ ਰਹੀ ਹੈ ਅਤੇ ਇਸ ਦਰਬਾਰ ਦੀ ਉਸਾਰੀ 'ਤੇ ਲਗਭਗ 5 ਕਰੋੜ ਰੁਪਏ ਖਰਚ ਕੀਤੇ ਜਾਣਗੇ।

ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਮਹਾਰਾਜਾ ਅਗਰਸੇਨ ਜੀ ਮਹਾਨ ਅਤੇ ਦੂਰਦਰਸ਼ੀ ਸ਼ਾਸਕ ਸਨ ਜਿਨ੍ਹਾਂ ਨੇ ਆਪਣੇ ਰਾਜ ਦੌਰਾਨ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਰੋਜ਼ੀ-ਰੋਟੀ ਦੇ ਵਸੀਲੇ ਪ੍ਰਦਾਨ ਕਰਨ ਲਈ ਵਿਲੱਖਣ ਵਿਵਸਥਾ ਦੀ ਸ਼ੁਰੂਆਤ ਕੀਤੀ। ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਦਾ ਸ਼ਾਸਨ ਇਸ ਸਿਧਾਂਤ 'ਤੇ ਅਧਾਰਤ ਸੀ ਕਿ ਕੋਈ ਵੀ ਭੁੱਖਾ ਨਹੀਂ ਸੌਣਾ ਚਾਹੀਦਾ, ਕੋਈ ਵੀ ਬੇਘਰ ਅਤੇ ਬੇਰੁਜ਼ਗਾਰ ਨਹੀਂ ਰਹਿਣਾ ਚਾਹੀਦਾ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮਹਾਰਾਜਾ ਅਗਰਸੇਨ ਜੀ ਦੇ ਰਾਜ ਵਿੱਚ ਅਮੀਰ ਅਤੇ ਗਰੀਬ ਵਿੱਚ ਕੋਈ ਫਰਕ ਨਹੀਂ ਸੀ, ਜਿੱਥੇ ਹਰ ਕਿਸੇ ਨੂੰ ਬਰਾਬਰ ਸਮਝਿਆ ਜਾਂਦਾ ਸੀ ਅਤੇ ਰਾਜ ਦਾ ਧੁਰਾ ਸਮਾਜਵਾਦ ਸੀ।

ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸੂਬਾ ਸਰਕਾਰ ਵੱਲੋਂ ਵੱਡੇ ਨਿਵੇਸ਼ ਲਈ ਅਹਿਮ ਫੈਸਲੇ ਲਏ ਜਾਣਗੇ। ਉਨ੍ਹਾਂ ਕਿਹਾ ਕਿ ਇਸ ਦਾ ਉਦੇਸ਼ ਸੂਬੇ ਦੇ ਉਦਯੋਗ ਨੂੰ ਹੁਲਾਰਾ ਦੇਣਾ ਅਤੇ ਅਜਿਹਾ ਮਾਹੌਲ ਸਿਰਜਣਾ ਹੈ ਜਿੱਥੇ ਉਹ ਆਪਣਾ ਕਾਰੋਬਾਰ ਵਧਾ ਸਕਣ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ ਉਪਰਾਲਾ ਪੰਜਾਬ ਨੂੰ ਆਰਥਿਕ ਤਰੱਕੀ ਅਤੇ ਖੁਸ਼ਹਾਲੀ ਦੇ ਨਵੇਂ ਸਿਖਰ 'ਤੇ ਲੈ ਜਾਵੇਗਾ ਜਿਸ ਨਾਲ ਵਿਕਾਸ ਦੇ ਨਵੇਂ ਅਤੇ ਬੇਮਿਸਾਲ ਯੁੱਗ ਦੀ ਸ਼ੁਰੂਆਤ ਹੋਵੇਗੀ।

ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਪੰਜਾਬ ਵਿੱਚ ਵਣਜ ਨੂੰ ਹੁਲਾਰਾ ਦੇਣ ਲਈ ਰਾਜ ਅਤੇ ਜ਼ਿਲ੍ਹਾ ਪੱਧਰ 'ਤੇ ਵਪਾਰੀਆਂ ਦੇ ਬੋਰਡ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਇਹ ਬੋਰਡ ਹਰ ਤਰ੍ਹਾਂ ਨਾਲ ਵਪਾਰੀਆਂ ਦੇ ਹਿੱਤਾਂ ਦੀ ਰਾਖੀ ਕਰਨਗੇ ਤਾਂ ਜੋ ਉਨ੍ਹਾਂ ਨੂੰ ਰਾਜ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਭਾਈਵਾਲ ਬਣਾਇਆ ਜਾ ਸਕੇ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ ਕਿ ਵਪਾਰੀ ਬਿਨਾਂ ਕਿਸੇ ਵਿਘਨ ਦੇ ਆਪਣਾ ਕਾਰੋਬਾਰ ਸੁਤੰਤਰ ਅਤੇ ਨਿਰਪੱਖ ਢੰਗ ਨਾਲ ਕਰ ਸਕਣ।

ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਸੂਬੇ ਦੇ ਵਿਕਾਸ ਤੇ ਖੁਸ਼ਹਾਲੀ ਵਿੱਚ ਮੁੱਖ ਭੂਮਿਕਾ ਨਿਭਾਉਣ ਲਈ ਅਗਰਵਾਲ ਭਾਈਚਾਰੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ 'ਆਪ' ਨੂੰ ਸੂਬੇ ਦੇ ਲੋਕਾਂ ਨੇ ਭਾਰੀ ਬਹੁਮਤ ਦਿੱਤਾ ਹੈ ਅਤੇ ਅਸੀਂ ਪਿਛਲੀਆਂ ਸਰਕਾਰਾਂ ਦੁਆਰਾ ਹਰ ਖੇਤਰ ਵਿੱਚ ਕੀਤੀਆਂ ਗੜਬੜੀਆਂ ਨੂੰ ਠੀਕ ਕਰ ਰਹੇ ਹਾਂ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪ੍ਰਤੀ ਵਿਅਕਤੀ ਆਮਦਨ ਵਿੱਚ ਪਹਿਲੇ ਸਥਾਨ 'ਤੇ ਰਹਿਣ ਵਾਲਾ ਸੂਬਾ ਅੱਜ ਪਿਛਲੀਆਂ ਸੂਬਾ ਸਰਕਾਰਾਂ ਦੀਆਂ ਪਿਛਾਂਹਖਿੱਚੂ ਨੀਤੀਆਂ ਕਰਕੇ 17ਵੇਂ ਸਥਾਨ 'ਤੇ ਖਿਸਕ ਗਿਆ ਹੈ

# ਅੱਧੀ ਰਾਤੀਂ ਡਿੱਗੀ ACP ਦਫ਼ਤਰ ਦੀ ਛੱਤ, SI ਦੀ ਹੋਈ ਦਰਦਨਾਕ ਮੌਤ, ਮਾਮਲੇ ਦੀ ਸ਼ੁਰੂ ਕੀਤੀ ਜਾਂਚ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ INTERNATIONAL PAPER, 94636 01616 hardipchumber57@gmail.com

ਉੱਤਰ ਪ੍ਰਦੇਸ਼ : ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਤੋਂ ਇਕ ਬੇਹੱਦ ਦੁਖ਼ਦਾਈ ਖ਼ਬਰ ਸਾਹਮਣੇ ਆਈ ਹੈ, ਜਿੱਥੇ ਸਨਿਚਰਵਾਰ ਦੀ ਰਾਤ ਨੂੰ ਅੰਕੁਰ ਵਿਹਾਰ ਦੇ ਏ.ਸੀ.ਪੀ. ਦਫ਼ਤਰ ਦੀ ਛੱਤ ਟੁੱਟ ਕੇ ਡਿੱਗ ਗਈ। ਜਿਸ ਕਾਰਨ ਇਕ ਸਬ ਇੰਸਪੈਕਟਰ ਦੀ ਮਲਬੇ ਹੇਠਾਂ ਦੱਬ ਜਾਣ ਕਾਰਨ ਦਰਦਨਾਕ ਮੌਤ ਹੋ ਗਈ।

ਜਾਣਕਾਰੀ ਅਨੁਸਾਰ 58 ਸਾਲਾ ਸਬ-ਇੰਸਪੈਕਟਰ ਵੀਰੇਂਦਰ ਮਿਸ਼ਰਾ ਅੰਕੁਰ ਵਿਹਾਰ ਦੇ ਏ.ਸੀ.ਪੀ. ਦਫ਼ਤਰ 'ਚ ਸੁੱਤਾ ਪਿਆ ਸੀ। ਇਸ ਦੌਰਾਨ ਰਾਤ ਨੂੰ ਦਫ਼ਤਰ ਦੀ ਛੱਤ ਦਾ ਲੈਂਟਰ ਟੁੱਟ ਕੇ ਉਸ 'ਤੇ ਆ ਡਿੱਗਾ, ਜਿਸ ਕਾਰਨ ਉਸ ਦੀ ਮੌਤ ਹੋ ਗਈ।

ਪੁਲਿਸ ਨੇ ਸਬ-ਇੰਸਪੈਕਟਰ ਦੀ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿਤਾ ਹੈ ਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿਤੀ ਹੈ। ਇਸ ਗੱਲ ਦੀ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਆਖ਼ਿਰ ਇਸ ਬਿਲਡਿੰਗ



ਦੀ ਛੱਤ ਅਚਾਨਕ ਇਸ ਤਰ੍ਹਾਂ ਅਚਾਨਕ ਕਿਵੇਂ ਢਹਿ-ਢੇਰੀ ਹੋ ਗਈ? ਕਾਰਨਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

# ਲਾਲੂ ਪ੍ਰਸਾਦ ਯਾਦਵ ਦਾ ਵੱਡਾ ਐਕਸ਼ਨ, ਆਪਣੇ ਬੇਟੇ ਨੂੰ 6 ਸਾਲਾਂ ਲਈ ਪਾਰਟੀ ਵਿੱਚੋਂ ਕੱਢਿਆ

## ਸਾਡੇ ਪਰਿਵਾਰਕ ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ ਦੇ ਅਨੁਸਾਰ ਨਹੀਂ ਹੈ। ਇਸ ਲਈ, ਉਪਰੋਕਤ ਹਾਲਾਤਾਂ ਦੇ ਕਾਰਨ, ਮੈਂ ਉਸਨੂੰ ਪਾਰਟੀ ਅਤੇ ਪਰਿਵਾਰ ਤੋਂ ਦੂਰ ਕਰਦਾ ਹਾਂ-ਯਾਦਵ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com

ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਨੇ ਆਪਣੇ ਪੁੱਤਰ ਅਤੇ ਸਾਬਕਾ ਮੰਤਰੀ ਤੇਜ ਪ੍ਰਤਾਪ ਯਾਦਵ ਨੂੰ 6 ਸਾਲਾਂ ਲਈ ਪਾਰਟੀ ਵਿੱਚੋਂ ਕੱਢ ਦਿੱਤਾ ਹੈ। ਲਾਲੂ ਪ੍ਰਸਾਦ ਯਾਦਵ ਨੇ ਕਿਹਾ ਕਿ ਗਤੀਵਿਧੀਆਂ, ਜਨਤਕ ਆਚਰਣ ਅਤੇ ਗੈਰ-ਜ਼ਿੰਮੇਵਾਰਾਨਾ ਵਿਵਹਾਰ ਸਾਡੇ ਪਰਿਵਾਰਕ ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ ਦੇ ਅਨੁਸਾਰ ਨਹੀਂ ਹੈ। ਇਸ ਲਈ, ਉਪਰੋਕਤ ਹਾਲਾਤਾਂ ਦੇ ਕਾਰਨ, ਮੈਂ ਉਸਨੂੰ ਪਾਰਟੀ ਅਤੇ ਪਰਿਵਾਰ ਤੋਂ ਦੂਰ ਕਰਦਾ ਹਾਂ।



### ਲਾਲੂ ਪ੍ਰਸਾਦ ਯਾਦਵ ਦੀ ਪੋਸਟ

ਲਾਲੂ ਪ੍ਰਸਾਦ ਯਾਦਵ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਨਿੱਜੀ ਜੀਵਨ ਵਿੱਚ ਨੈਤਿਕ ਕਦਰਾਂ-ਕੀਮਤਾਂ ਦੀ ਅਣਦੇਖੀ ਸਮਾਜਿਕ ਨਿਆਂ ਲਈ ਸਾਡੇ ਸਮੂਹਿਕ ਸੰਘਰਸ਼ ਨੂੰ ਕਮਜ਼ੋਰ ਕਰਦੀ ਹੈ। ਵੱਡੇ ਪੁੱਤਰ ਦੀਆਂ ਗਤੀਵਿਧੀਆਂ, ਜਨਤਕ ਆਚਰਣ ਅਤੇ ਗੈਰ-ਜ਼ਿੰਮੇਵਾਰਾਨਾ ਵਿਵਹਾਰ ਸਾਡੇ ਪਰਿਵਾਰਕ ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ ਦੇ ਅਨੁਸਾਰ ਨਹੀਂ ਹੈ। ਉਪਰੋਕਤ ਹਾਲਾਤਾਂ ਦੇ ਕਾਰਨ, ਮੈਂ ਉਸਨੂੰ ਪਾਰਟੀ ਅਤੇ ਪਰਿਵਾਰ ਤੋਂ ਦੂਰੀ ਬਣਾ ਲੈਂਦਾ ਹਾਂ।

### 'ਪਾਰਟੀ ਅਤੇ ਪਰਿਵਾਰ ਵਿੱਚ ਕੋਈ ਭੂਮਿਕਾ ਨਹੀਂ ਹੋਵੇਗੀ'

ਲਾਲੂ ਪ੍ਰਸਾਦ ਯਾਦਵ ਨੇ ਸਪੱਸ਼ਟ ਕੀਤਾ ਕਿ ਹੁਣ ਤੋਂ ਉਨ੍ਹਾਂ ਦੀ ਪਾਰਟੀ ਅਤੇ ਪਰਿਵਾਰ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਭੂਮਿਕਾ ਨਹੀਂ ਰਹੇਗੀ। ਉਸਨੂੰ ਪਾਰਟੀ ਵਿੱਚੋਂ 6 ਸਾਲਾਂ ਲਈ ਕੱਢ ਦਿੱਤਾ ਜਾਂਦਾ ਹੈ। ਉਹ ਖੁਦ ਆਪਣੇ ਨਿੱਜੀ ਜੀਵਨ ਦੇ ਚੰਗੇ-ਮਾੜੇ ਅਤੇ ਗੁਣ-ਔਗੁਣਾਂ ਨੂੰ ਦੇਖਣ ਦੇ ਸਮਰੱਥ ਹੈ। ਜਿਸ ਕਿਸੇ ਦੇ ਵੀ ਉਸ ਨਾਲ ਸਬੰਧ ਹਨ, ਉਸਨੂੰ ਆਪਣੀ ਮਰਜ਼ੀ ਨਾਲ ਫੈਸਲੇ ਲੈਣੇ ਚਾਹੀਦੇ ਹਨ। ਮੈਂ ਹਮੇਸ਼ਾ ਜਨਤਕ ਜੀਵਨ ਵਿੱਚ ਜਨਤਕ ਸ਼ਰਮ ਦਾ ਸਮਰਥਕ ਰਿਹਾ ਹਾਂ। ਪਰਿਵਾਰ ਦੇ ਆਗਿਆਕਾਰੀ ਮੈਂਬਰਾਂ ਨੇ ਜਨਤਕ ਜੀਵਨ ਵਿੱਚ ਇਸ ਵਿਚਾਰ ਨੂੰ ਅਪਣਾਇਆ ਹੈ ਅਤੇ ਇਸਦਾ ਪਾਲਣ ਕੀਤਾ ਹੈ।

# ਕੈਥਲ 'ਚ ਯਾਤਰੀਆਂ ਨਾਲ ਭਰੀ ਰੋਡਵੇਜ਼ ਦੀ ਪਲਟੀ ਬੱਸ, 35 ਵਿਅਕਤੀ ਜ਼ਖ਼ਮੀ

## ਸਾਰੇ ਜ਼ਖਮੀਆਂ ਨੂੰ ਕੈਥਲ ਦੇ ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com

ਹਰਿਆਣਾ ਦੇ ਕੈਥਲ 'ਚ ਹਰਿਆਣਾ ਰੋਡਵੇਜ਼ ਦੀ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ। ਬੱਸ ਵਿੱਚ ਲਗਭਗ 35 ਲੋਕ ਸਵਾਰ ਸਨ, ਜਿਨ੍ਹਾਂ ਵਿੱਚੋਂ 22 ਲੋਕ ਜ਼ਖਮੀ ਹੋ ਗਏ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਇੱਕ ਟਰੱਕ ਨੂੰ ਰਸਤਾ ਦੇਣ ਦੀ ਕੋਸ਼ਿਸ਼ ਕਰਦੇ ਸਮੇਂ ਬੱਸ ਸੜਕ ਤੋਂ ਉਤਰ ਗਈ ਅਤੇ ਖੇਤ ਵਿੱਚ ਪਲਟ ਗਈ।

ਮੀਂਹ ਕਾਰਨ ਸੜਕ ਦੇ ਹੇਠਾਂ ਮਿੱਟੀ ਢਿੱਲੀ ਹੋ ਗਈ ਸੀ, ਜਿਸ ਕਾਰਨ ਬੱਸ ਦਾ ਪਹੀਆ ਉਸ ਵਿੱਚ ਫਸ ਗਿਆ। ਇਸ ਤੋਂ ਬਾਅਦ ਪੁਲਿਸ ਨੂੰ ਹਾਦਸੇ ਦੀ ਸੂਚਨਾ ਦਿੱਤੀ ਗਈ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਕਾਰਵਾਈ ਸ਼ੁਰੂ ਕਰ ਦਿੱਤੀ। ਸਾਰੇ ਜ਼ਖਮੀਆਂ ਨੂੰ ਕੈਥਲ ਦੇ ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ।

### ਬੱਸ ਕਰੋੜਾ ਤੋਂ ਨਰਵਾਣਾ ਜਾ ਰਹੀ ਸੀ।

ਇਹ ਹਾਦਸਾ ਕੈਥਲ ਦੇ ਪਿੰਡ ਜਖੋਲੀ ਅਤੇ ਕਾਸਨ ਵਿਚਕਾਰ ਵਾਪਰਿਆ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਬੱਸ ਕਰੋੜਾ ਤੋਂ ਨਰਵਾਣਾ ਤੱਕ ਨਿਯਮਤ ਸੇਵਾ 'ਤੇ ਸੀ। ਇਹ ਬੱਸ ਸਵੇਰੇ ਕਰੋੜਾ ਤੋਂ ਚੱਲੀ ਸੀ। ਇਸ ਦੌਰਾਨ ਜਦੋਂ ਬੱਸ ਕਾਸਨ ਪਿੰਡ ਦੇ ਨੇੜੇ ਪਹੁੰਚੀ ਤਾਂ ਸਾਹਮਣੇ ਤੋਂ ਇੱਕ ਟਰੱਕ ਆਇਆ।

ਟਰੱਕ ਨੂੰ ਰਸਤਾ ਦੇਣ ਲਈ ਬੱਸ ਨੂੰ ਸੜਕ ਤੋਂ ਉਤਾਰ ਦਿੱਤਾ

ਲੋਕ ਕਹਿੰਦੇ ਹਨ ਕਿ ਪਿੰਡ ਦੇ ਵਿਚਕਾਰ ਸੜਕ ਤੰਗ ਹੈ। ਜਦੋਂ ਸਾਹਮਣੇ ਤੋਂ ਇੱਕ ਟਰੱਕ ਆਇਆ, ਤਾਂ ਬੱਸ ਨੇ ਉਸਨੂੰ ਰਸਤਾ ਦੇਣ ਦੀ ਕੋਸ਼ਿਸ਼ ਕੀਤੀ। ਰਸਤਾ ਦੇਣ ਲਈ, ਡਰਾਈਵਰ ਨੇ ਬੱਸ ਦਾ ਇੱਕ ਪਹੀਆ ਸੜਕ ਤੋਂ ਹਟਾ ਦਿੱਤਾ। ਬੱਸ ਸੜਕ ਤੋਂ ਉਤਰਨ ਤੋਂ ਬਾਅਦ ਡਰਾਈਵਰ ਬੱਸ ਨੂੰ ਕੰਟਰੋਲ ਨਹੀਂ ਕਰ ਸਕਿਆ।

### ਬੱਸ ਦਾ ਪਹੀਆ ਕੱਚੀ ਮਿੱਟੀ ਵਿੱਚ ਫਸ ਗਈ

ਚਸ਼ਮਦੀਦਾਂ ਨੇ ਦੱਸਿਆ ਕਿ ਸ਼ਨੀਵਾਰ ਰਾਤ ਨੂੰ ਇੱਥੇ ਭਾਰੀ ਮੀਂਹ ਪਿਆ। ਇਸ ਕਾਰਨ ਸੜਕ ਦੇ ਕਿਨਾਰਿਆਂ ਦੀ ਮਿੱਟੀ ਵੀ ਢਿੱਲੀ ਹੋ ਗਈ। ਜਿਵੇਂ ਹੀ ਬੱਸ ਦਾ ਪਹੀਆ ਸੜਕ ਤੋਂ ਉਤਰ ਕੇ ਕੱਚੇ ਚਿੱਕੜ 'ਤੇ ਆ ਗਿਆ, ਇਹ ਡੁੱਬ ਗਈ। ਇਸ ਕਾਰਨ ਡਰਾਈਵਰ ਬੱਸ ਨੂੰ ਕੰਟਰੋਲ ਨਹੀਂ ਕਰ ਸਕਿਆ ਅਤੇ ਬੱਸ ਲਗਭਗ 8 ਫੁੱਟ ਹੇਠਾਂ ਖੇਤ



ਵਿੱਚ ਪਲਟ ਗਈ।

ਜਿਵੇਂ ਹੀ ਬੱਸ ਪਲਟ ਗਈ, ਮੌਕੇ 'ਤੇ ਚੀਕ-ਚਿਹਾੜਾ ਪੈ ਗਿਆ। ਬੱਸ ਸਵਾਰੀਆਂ ਨਾਲ ਭਰੀ ਹੋਈ ਸੀ। ਪਲਟਦੇ ਹੀ ਇਸਦਾ ਸ਼ੀਸ਼ਾ ਟੁੱਟ ਗਿਆ। ਬੱਸ ਦੇ ਅੰਦਰ ਸਾਰੇ ਯਾਤਰੀ ਇੱਕ ਦੂਜੇ 'ਤੇ ਡਿੱਗ ਪਏ, ਜਿਸ ਕਾਰਨ ਉਨ੍ਹਾਂ ਨੂੰ ਗੰਭੀਰ ਸੱਟਾਂ ਲੱਗੀਆਂ। ਮੌਕੇ 'ਤੇ ਮੌਜੂਦ ਲੋਕ ਤੁਰੰਤ ਭੱਜ ਕੇ ਬੱਸ ਕੋਲ ਪਹੁੰਚ ਗਏ। ਉਹ ਬੱਸ ਦੇ ਉੱਪਰ ਚੜ੍ਹ ਗਿਆ ਅਤੇ ਸਵਾਰੀਆਂ ਨੂੰ ਹਟਾਉਣਾ ਸ਼ੁਰੂ ਕਰ ਦਿੱਤਾ।

# ਹਰਪਾਲ ਚੀਮਾ ਵੱਲੋਂ 3.40 ਕਰੋੜ ਰੁਪਏ ਲਾਗਤ ਵਾਲੇ ਨਹਿਰੀ ਪਾਣੀ ਪ੍ਰੋਜੈਕਟ ਦੀ ਸ਼ੁਰੂਆਤ, 1300 ਏਕੜ ਰਕਬੇ ਨੂੰ ਮਿਲੇਗਾ ਨਹਿਰੀ ਪਾਣੀ

## ਪਿੰਡ ਫਾਜਲੀ, ਹਰਿਆਉ ਅਤੇ ਗਿੱਦੜਆਣੀ ਦੇ ਵਾਸੀਆਂ ਵੱਲੋਂ ਪੰਜਾਬ ਸਰਕਾਰ ਅਤੇ ਵਿੱਤ ਮੰਤਰੀ ਦਾ ਧੰਨਵਾਦ, - ਪ੍ਰੋਜੈਕਟ ਚਾਲੂ ਹੋਣ ਨਾਲ ਪੈਦਾਵਾਰ ਵਧੇਗੀ, ਬਿਜਲੀ ਅਤੇ ਧਰਤੀ ਹੇਠਲੇ ਪਾਣੀ ਦੀ ਬੱਚਤ ਹੋਵੇਗੀ- ਕਿਹਾ, ਲੁਧਿਆਣਾ (ਪੱਛਮੀ) ਵਿਧਾਨ ਸਭਾ ਜ਼ਿਮਨੀ ਚੋਣ ਆਮ ਆਦਮੀ ਪਾਰਟੀ ਹੀ ਜਿੱਤੇਗੀ - ਹਰਪਾਲ ਸਿੰਘ ਚੀਮਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com

ਦਲਜੀਤ ਕੌਰ

ਦਿੜ੍ਹਬਾ, 25 ਮਈ, 2025: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹਰੇਕ ਖੇਤ ਨੂੰ ਨਹਿਰੀ ਪਾਣੀ ਦੀ ਸਹੂਲਤ ਨਾਲ ਜੋੜਨ ਦੀ ਸ਼ੁਰੂ ਕੀਤੀ ਕਵਾਇਦ ਤਹਿਤ ਵਿਧਾਨ ਸਭਾ ਹਲਕਾ ਦਿੜ੍ਹਬਾ ਦੇ 1300 ਏਕੜ ਤੋਂ ਵਧੇਰੇ ਰਕਬੇ ਨੂੰ ਲੰਮੇ ਸਮੇਂ ਬਾਅਦ ਨਹਿਰੀ ਪਾਣੀ ਮਿਲਣ ਜਾ ਰਿਹਾ ਹੈ। ਪਿੰਡ ਫਾਜਲੀ, ਹਰਿਆਉ ਅਤੇ ਪਿੰਡ ਗਿੱਦੜਆਣੀ ਵਿੱਚ ਪਾਈਪ ਲਾਈਨਾਂ ਪਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ। ਇਸ ਮਹੱਤਵਪੂਰਨ ਪ੍ਰੋਜੈਕਟ ਤਹਿਤ ਪਾਈਪ ਪਾਉਣ ਦੇ ਕੰਮ ਦੀ ਪੰਜਾਬ ਦੇ ਵਿੱਤ ਅਤੇ ਯੋਜਨਾ ਮੰਤਰੀ ਸ੍ਰ ਹਰਪਾਲ ਸਿੰਘ ਚੀਮਾ ਨੇ ਅੱਜ ਸ਼ੁਰੂਆਤ ਕਰਵਾਈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰ ਚੀਮਾ ਨੇ ਦੱਸਿਆ ਕਿ ਇਸ ਪ੍ਰੋਜੈਕਟ ਨਾਲ ਇਲਾਕੇ ਦੇ ਸੈਂਕੜੇ ਕਿਸਾਨਾਂ ਦੇ 1300 ਏਕੜ ਰਕਬੇ ਨੂੰ ਨਹਿਰੀ ਪਾਣੀ ਦੀ ਸਹੂਲਤ ਮਿਲਣ ਲੱਗ ਜਾਵੇਗੀ। ਕੁੱਲ 3.40 ਕਰੋੜ



ਰੁਪਏ ਦੀ ਲਾਗਤ ਵਾਲੇ ਇਸ ਪ੍ਰੋਜੈਕਟ ਦੇ ਸ਼ੁਰੂ ਹੋਣ ਨਾਲ ਇਲਾਕੇ ਦੇ ਕਿਸਾਨਾਂ ਦੀ ਆਰਥਿਕਤਾ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਅਥਾਹ ਵਾਧਾ ਹੋਵੇਗਾ।

ਉਹਨਾਂ ਕਿਹਾ ਕਿ ਇਹ ਕੰਮ ਜਲਦ ਤੋਂ ਜਲਦ ਮੁਕੰਮਲ ਕਰਨ ਦਾ ਟੀਚਾ ਹੈ। ਇਸ ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਝੋਨੇ ਦੀ ਬਿਜਾਈ ਅਤੇ ਹੋਰ ਫ਼ਸਲਾਂ ਨੂੰ ਪਾਣੀ ਦੇਣ ਲਈ ਕਿਸਾਨਾਂ ਨੂੰ ਮਹਿੰਗੇ ਭਾਅ ਦਾ ਡੀਜ਼ਲ ਵਰਤਣ ਦੀ ਲੋੜ ਨਹੀਂ ਪਵੇਗੀ। ਇਸ ਬੱਚਤ ਨਾਲ ਜਿੱਥੇ ਕਿਸਾਨਾਂ ਨੂੰ ਆਰਥਿਕ ਲਾਭ ਹੋਵੇਗਾ ਉਥੇ ਹੀ ਨਹਿਰੀ ਪਾਣੀ ਮਿਲਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਵੀ ਵਾਧਾ ਹੋਵੇਗਾ। ਖੇਤੀ ਮਾਹਿਰਾਂ ਦਾ ਮੰਨਣਾ ਹੈ ਕਿ ਧਰਤੀ ਹੇਠਲੇ ਪਾਣੀ ਦੇ ਮੁਕਾਬਲੇ ਨਹਿਰੀ ਪਾਣੀ ਵਿੱਚ ਜ਼ਮੀਨ ਲਈ ਲੋੜੀਂਦੇ ਖੁਰਾਕੀ ਤੱਤ ਜ਼ਿਆਦਾ ਹੁੰਦੇ ਹਨ।

ਉਹਨਾਂ ਕਿਹਾ ਕਿ ਪਹਿਲਾਂ ਇਸ ਰਕਬੇ ਨੂੰ ਟਿਊਬਵੈੱਲ ਨਾਲ ਪਾਣੀ ਮਿਲਦਾ ਸੀ ਪਰ ਪਾਣੀ ਡੂੰਘੇ ਹੋਣ ਕਾਰਨ ਹੁਣ ਇਹ ਟਿਊਬਵੈੱਲ ਲਗਭਗ ਨਕਾਰਾ ਹੋ ਚੁੱਕੇ ਹਨ। ਫ਼ਸਲ ਨੂੰ ਪਾਣੀ ਦੇਣ ਲਈ ਕਿਸਾਨਾਂ ਨੂੰ ਭਾਰੀ ਮੁਸ਼ੱਕਤ ਕਰਨੀ ਪੈਂਦੀ ਹੈ। ਉਹਨਾਂ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦਾ ਯੋਜਨਾਬੱਧ ਤਰੀਕੇ ਨਾਲ ਵਿਕਾਸ ਕੀਤਾ ਜਾ ਰਿਹਾ ਹੈ।

ਇਸ ਦੌਰਾਨ ਪਿੰਡ ਫਾਜਲੀ, ਹਰਿਆਉ ਅਤੇ ਗਿੱਦੜਆਣੀ ਦੇ ਵਾਸੀਆਂ ਵੱਲੋਂ ਪੰਜਾਬ ਸਰਕਾਰ ਅਤੇ ਵਿੱਤ ਮੰਤਰੀ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਇਲਾਕੇ ਦੀ ਲੋੜ ਨੂੰ ਸਮਝਦੇ ਹੋਏ ਇਹ ਵੱਡੀ ਮੰਗ ਨੂੰ ਪੂਰਾ ਕੀਤਾ ਹੈ।

ਇਸ ਮੌਕੇ ਪੁੱਛੇ ਜਾਣ ਉੱਤੇ ਸ੍ਰ ਹਰਪਾਲ ਸਿੰਘ ਚੀਮਾ ਕਿਹਾ ਕਿ ਲੁਧਿਆਣਾ (ਪੱਛਮੀ) ਵਿਧਾਨ ਸਭਾ ਜ਼ਿਮਨੀ ਚੋਣ ਆਮ ਆਦਮੀ ਪਾਰਟੀ ਹੀ ਜਿੱਤੇਗੀ। ਜਦਕਿ ਬਾਕੀ ਪਾਰਟੀਆਂ ਦੇ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਜਾਵੇਗੀ।

ਪਾਣੀਆਂ ਦੇ ਮੁੱਦੇ ਬਾਰੇ ਪੁੱਛੇ ਜਾਣ ਉੱਤੇ ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪਾਣੀ ਦੀ ਲੜਾਈ ਲੜ ਰਹੀ ਹੈ। ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਪਾਣੀ ਦਾ ਇੱਕ ਵੀ ਤੁਪਕਾ ਦੇਣ ਲਈ ਵਾਧੂ ਨਹੀਂ ਹੈ। ਉਹਨਾਂ ਕਿਹਾ ਕਿ ਸੂਬੇ ਵਿੱਚ ਤਾਂ ਪਹਿਲਾਂ ਹੀ 153 ਬਲਾਕਾਂ ਵਿੱਚੋਂ 117 ਬਲਾਕ ਡਾਰਕ ਜ਼ੋਨ ਐਲਾਨੇ ਜਾ ਚੁੱਕੇ ਹਨ। ਅਜਿਹੀ ਸਥਿਤੀ ਵਿਚ ਸੂਬੇ ਦੀ ਕਿਸਾਨੀ ਨੂੰ ਅਣਦੇਖਾ ਕਰਕੇ ਸੂਬੇ ਦੇ ਕੁਦਰਤੀ ਸਰੋਤਾਂ ਨੂੰ ਲੁਟਾਇਆ ਨਹੀਂ ਜਾ ਸਕਦਾ।

ਉਹਨਾਂ ਕਿਹਾ ਕਿ ਨੀਤੀ ਅਯੋਗ ਦੀ ਮੀਟਿੰਗ ਵਿੱਚ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਨੇ ਪੰਜਾਬ ਦੇ ਹਿੱਤਾਂ ਨੂੰ ਚੰਗੀ ਤਰ੍ਹਾਂ ਰੱਖਿਆ ਹੈ। ਇਸ ਮੌਕੇ ਨਿੱਜੀ ਸਹਾਇਕ ਸ੍ਰ ਤਪਿੰਦਰ ਸਿੰਘ ਸੋਹੀ ਅਤੇ ਹੋਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਅਕਾਲ ਤਖ਼ਤ ਸਾਹਿਬ ਤੇ ਤਖ਼ਤ ਪਟਨਾ ਸਾਹਿਬ ਦਰਮਿਆਨ ਚਲ ਰਹੇ ਵਿਵਾਦ ਤੇ ਬੜੀ ਡੂੰਘੀ ਚਿੰਤਾ- ਰਵੀਇੰਦਰ ਸਿੰਘ

## ਹਲਾਤਾਂ ਲਈ ਬਾਦਲ ਪਰਿਵਾਰ ਜ਼ੁੰਮੇਵਾਰ, ਸਿੱਖੀ ਪਰੰਪਰਾ ਨੂੰ ਢਾਹ ਲਾ ਰਹੇ ਲੋਕਾਂ ਨੂੰ ਮੂੰਹ ਨਾ ਲਾਉਣ- ਰਵੀਇੰਦਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com

ਚੰਡੀਗੜ੍ਹ 25 ਮਈ (ਵਿਸ਼ਵ ਵਾਰਤਾ) ਅਕਾਲੀਦਲ 1920 ਦੇ ਪ੍ਰਧਾਨ ਰਵੀਇੰਦਰ ਸਿੰਘ ਸਾਬਕਾ ਸਪੀਕਰ ਪੰਜਾਬ ਵਿਧਾਨ ਸਭਾ ਨੇ ਜਾਰੀ ਬਿਆਨ ਕਰਨ ਦੌਰਾਨ ਅਕਾਲ ਤਖ਼ਤ ਸਾਹਿਬ ਤੇ ਤਖ਼ਤ ਪਟਨਾ ਸਾਹਿਬ ਦਰਮਿਆਨ ਚਲ ਰਹੇ ਵਿਵਾਦ ਤੇ ਬੜੀ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਕੌਮ ਪਹਿਲਾਂ ਹੀ ਪੰਥਕ ਮਸਲਿਆਂ ਚ ਘਿਰੀ ਹੈ ਦੂਸਰਾ ਆਪਸ ਵਿੱਚ ਉਲਝਣ ਨਾਲ ਸਥਿੱਤੀ ਖਤਰਨਾਕ ਮੋੜ ਤੇ ਆ ਸਕਦੀ ਹੈ। ਸਾਬਕਾ ਸਪੀਕਰ ਮੁਤਾਬਕ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦੀ ਸਰਵਉੱਚ ਸੰਸਥਾ ਹੈ। ਪਿਛਲੇ ਦਿਨਾਂ ਚ ਪੈਦਾ ਹੋਏ ਵਿਵਾਦ ਨੇ **ਸਿੱਖ ਕੌਮ ਦੀ ਹੇਠੀ ਕਰਵਾ ਦਿੱਤੀ ਹੈ।**

ਸੀਨੀਅਰ ਅਕਾਲੀ ਲੀਡਰ ਰਵੀਇੰਦਰ ਸਿੰਘ ਨੇ ਦੋਸ਼ ਲਾਇਆ ਕਿ ਮੌਜੂਦਾ ਬਣੇ ਹਲਾਤਾਂ ਲਈ ਬਾਦਲ ਪਰਿਵਾਰ ਜ਼ੁੰਮੇਵਾਰ ਹੈ ਜਿਸ ਦੇ ਦਸੰਬਰ ਦੇ ਆਦੇਸ਼ ਇਨਬਿਨ. ਮੰਨਣ ਦੀ ਥਾਂ ਅਵੱਗਿਆ ਕਰਕੇ ਪੰਥ ਨੂੰ ਪਿੱਠ ਵਿਖਾਈ ਹੈ।ਰਵੀਇੰਦਰ ਸਿੰਘ ਨੇ ਸਿੱਖਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਿੱਖੀ ਪਰੰਪਰਾ ਨੂੰ ਢਾਹ ਲਾ ਰਹੇ ਲੋਕਾਂ ਨੂੰ ਮੂੰਹ ਨਾ ਲਾਉਣ। ਉਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਮੰਗ ਕਰਦਿਆ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਇਸ ਪ੍ਰਤੀ ਗੰਭੀਰਤਾ



ਵਿਖਾਉਣ ਤਾਂ ਜੋ ਸਿੱਖ ਪੰਥ ਆਪਣੇ ਪ੍ਰਤੀਨਿਧ ਚੁਣ ਕੇ ਲੋਕਤੰਤਰੀ ਢੰਗ ਨਾਲ ਕਾਰਜ ਕਰ ਸਕ ਤੇ ਪੰਥ ਵਿਰੋਧੀ ਲੋਕਾਂ ਨੂੰ ਸੰਸਥਾਵਾਂ ਚੋਂ ਬਾਹਰ ਕੱਢਿਆ ਜਾਵੇ।

# ਮੇਗਾ ਨੌਂਕਰੀ ਮੇਲਾ, ਸਰਕਾਰੀ ਆਈ.ਟੀ.ਆਈ. ਪਟਿਆਲਾ ਵਿਖੇ 28 ਮਈ ਨੂੰ, ਬਲਵਿੰਦਰ ਕੰਗ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com

ਪਟਿਆਲਾ ਜਗਤਾਰ ਸਿੰਘ ਰੋੜੇਵਾਲ -- ਨੌਕਰੀਆਂ ਦੀ ਭਾਲ ਕਰ ਰਹੇ ਨੌਜਵਾਨਾਂ ਲਈ ਖੁਸ਼ਖ਼ਬਰੀ ਹੈ ਕਿ ਮੇਗਾ ਨੌਂਕਰੀ ਮੇਲਾ ਸਰਕਾਰੀ ਆਈ ਟੀ ਆਈ ਪਟਿਆਲਾ ਵਿਖੇ 28 ਮਈ 2025 ਨੂੰ ਸਵੇਰੇ 9 ਵਜੇ ਤੋਂ 2 ਵਜੇ ਤੱਕ ਲਗਾਇਆ ਜਾ ਰਿਹਾ ਹੈ। ਜਿਹੜਾ ਕਿ ਦੇਸ਼ ਭਗਤ ਯੂਨੀਵਰਸਿਟੀ ਅਤੇ ਜਿਲਾ ਰੋਜ਼ਗਾਰ ਬਿਊਰੋ ਪਟਿਆਲਾ ਦੇ ਸਹਿਯੋਗ ਨਾਲ ਲਗਾਇਆ ਜਾਵੇਗਾ।

ਇਸ ਮੇਲੇ ਵਿੱਚ 40 ਤੋਂ ਵੱਧ ਪ੍ਰਸਿੱਧ ਕੰਪਨੀਆਂ ਭਾਗ ਲੈ ਰਹੀਆਂ ਹਨ।ਜੋ ਵੱਖ ਵੱਖ ਖੇਤਰਾਂ ਵਿਚ ਨੌਕਰੀਆਂ ਦੇ ਮੌਕੇ ਮੁਹਈਆ ਕਰਵਾਉਣਗੀਆਂ।ਇਹ ਤੁਹਾਡੇ ਕੈਰੀਅਰ ਜਾਂ ਤਰੱਕੀ ਲਈ ਸੁਨਹਿਰੀ ਮੌਕਾ ਹੈ।ਇਸ ਨੂੰ ਹੱਥੋਂ ਨਾ ਜਾਣ ਦਿਓ।



"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਕਲ ਦੇ ਲੇਖ "ਬੁੱਧ ਜਾਂ ਕਾਰਲ ਮਾਰਕਸ" ਦਾ ਬਾਕੀ ਭਾਗ 3/4

ਹੁਣ ਅਸੀਂ ਇਸ ਵਿਸ਼ੇ ਦੇ ਹੋਰ ਮੁੱਦਿਆਂ ਵੱਲ ਮੁੜਦੇ ਹਾਂ। ਕਾਰਲ ਮਾਰਕਸ ਜਾਂ ਕਮਿਊਨਿਸਟ ਸਾਨੂੰ ਕਮਿਊਨਿਜ਼ਮ ਲਿਆਉਣ ਲਈ ਕਿਹੜਾ ਰਸਤਾ ਦੱਸਦੇ ਹਨ? ਇਹ ਸਵਾਲ ਬਹੁਤ ਮਹੱਤਵਪੂਰਨ ਹੈ। ਕਮਿਊਨਿਸਟਾਂ ਦੁਆਰਾ ਕਮਿਊਨਿਜ਼ਮ ਸਥਾਪਤ ਕਰਨ ਲਈ ਸੁਝਾਇਆ ਗਿਆ ਰਸਤਾ (ਭਾਵ ਦੁੱਖਾਂ ਦੀ ਹੋਂਦ ਨੂੰ



ਸਵੀਕਾਰ ਕਰਦੇ ਹੋਏ ਨਿੱਜੀ ਜਾਇਦਾਦ ਨੂੰ ਖਤਮ ਕਰਨ ਦਾ ਤੱਤ) ਧਰਮ ਦੇ ਆਚਰਣ ਦੇ ਵਿਰੁੱਧ ਹੈ। ਇਹ ਵਿਰੋਧੀਆਂ ਨੂੰ ਮਾਰਨ ਦਾ ਰਸਤਾ ਹੈ। ਅਤੇ ਇਹ ਉਹ ਥਾਂ ਹੈ ਜਿੱਥੇ ਬੁੱਧ ਅਤੇ ਕਾਰਲ ਮਾਰਕਸ ਦੇ ਤਰੀਕਿਆਂ ਵਿੱਚ ਬੁਨਿਆਦੀ ਅੰਤਰ ਦਿਖਾਈ ਦਿੰਦਾ ਹੈ। ਬੁੱਧ ਨੇ ਕਿਹਾ ਹੈ ਕਿ ਬੋਧੀ ਦਰਸ਼ਨ ਜਾਂ ਬੋਧੀ ਧੰਮ ਸਥਾਪਤ ਕਰਨ ਦਾ ਇੱਕੋ ਇੱਕ ਸਹੀ ਰਸਤਾ ਲੋਕਾਂ ਨੂੰ ਯਕੀਨ ਦਿਵਾਉਣਾ ਹੈ। ਬੁੱਧ ਨੈਤਿਕ ਸਿੱਖਿਆ ਅਤੇ ਪਿਆਰ ਨਾਲ ਲੋਕਾਂ ਦੇ ਦਿਲ ਜਿੱਤਣ 'ਤੇ ਜ਼ੋਰ ਦਿੰਦੇ ਹਨ। ਉਹ ਆਪਣੇ ਵਿਰੋਧੀਆਂ ਨੂੰ ਤਾਕਤ ਨਾਲ ਜਾਂ ਸ਼ਕਤੀ ਦੀ ਮਦਦ ਨਾਲ ਨਹੀਂ ਜਿੱਤਣਾ ਚਾਹੁੰਦਾ, ਸਗੋਂ ਪਿਆਰ ਅਤੇ ਸਨੇਹ ਨਾਲ ਉਨ੍ਹਾਂ ਨੂੰ ਜਿੱਤਣਾ ਚਾਹੁੰਦਾ ਹੈ।

ਜੇਕਰ ਅਸੀਂ ਇਸ ਬੁਨਿਆਦੀ ਅੰਤਰ ਨੂੰ ਜਾਣਦੇ ਹਾਂ, ਤਾਂ ਅਸੀਂ ਜਾਣਾਂਗੇ ਕਿ ਬੁੱਧ ਆਪਣੇ ਦਰਸ਼ਨ ਨੂੰ ਸਥਾਪਿਤ ਕਰਨ ਲਈ ਹਿੰਸਾ ਜਾਂ ਖੂਨ-ਖਰਾਬੇ ਨੂੰ ਸਵੀਕਾਰ ਨਹੀਂ ਕਰਦੇ। ਪਰ ਕਮਿਊਨਿਸਟ ਤਾਕਤ ਦਾ ਰਸਤਾ ਪਸੰਦ ਕਰਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਕਮਿਊਨਿਸਟ ਇਸ ਰਸਤੇ ਰਾਹੀਂ ਤੁਰੰਤ ਨਤੀਜੇ ਪ੍ਰਾਪਤ ਕਰਦੇ ਹਨ ਜਾਂ ਉਨ੍ਹਾਂ ਨੂੰ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਤੁਰੰਤ ਸਫਲਤਾ ਮਿਲਦੀ ਹੈ। ਕਿਉਂਕਿ ਜਦੋਂ ਤੁਸੀਂ ਮਨੁੱਖਾਂ ਨੂੰ ਖਤਮ ਕਰਨ ਦੇ ਫਲਸਫੇ ਨਾਲ ਅੱਗੇ ਵਧਦੇ ਹੋ, ਤਾਂ ਤੁਹਾਡਾ ਵਿਰੋਧ ਕਰਨ ਜਾਂ ਵਿਰੋਧ ਕਰਨ ਵਾਲਾ ਕੋਈ ਨਹੀਂ ਬਚਦਾ, ਯਾਨੀ ਕਿ ਅਜਿਹੀ ਸਫਲਤਾ ਸਿਰਫ ਦਿਖਾਵੇ ਲਈ ਹੁੰਦੀ ਹੈ। ਮਾਰਕਸਵਾਦ ਦੇ ਮੁਕਾਬਲੇ, ਬੁੱਧ ਧਰਮ ਦਾ ਰਸਤਾ ਹੌਲੀ ਅਤੇ ਲੰਮਾ ਹੈ। ਇਸ ਗੱਲ ਦੀ ਸੰਭਾਵਨਾ ਹੈ ਕਿ ਲੋਕਾਂ ਨੂੰ ਇਹ ਬੋਰਿੰਗ ਲੱਗੇ। ਕਿਉਂਕਿ ਇਸ ਰਸਤੇ ਰਾਹੀਂ ਸਫਲਤਾ ਬਹੁਤ ਦੇਰ ਨਾਲ ਮਿਲਦੀ ਹੈ। ਪਰ ਇਹ ਵੀ ਸੱਚ ਹੈ ਕਿ ਰਸਤਾ ਸੁਰੱਖਿਅਤ ਹੈ। ਤੁਹਾਡਾ ਜੀਵਨ ਯਕੀਨੀ ਹੈ। ਇਸ ਲਈ ਆਦਰਸ਼ਾਂ ਦੇ ਰਸਤੇ 'ਤੇ ਚੱਲ ਕੇ ਬੁੱਧ ਦੁਆਰਾ ਦਿਖਾਏ ਗਏ ਸੁਰੱਖਿਅਤ ਰਸਤੇ 'ਤੇ ਅੱਗੇ ਵਧਣਾ ਲਾਭਦਾਇਕ ਹੋਵੇਗਾ।

ਮੈਂ ਹਮੇਸ਼ਾ ਆਪਣੇ ਕਮਿਊਨਿਸਟ ਦੋਸਤਾਂ ਤੋਂ ਦੋ ਜਾਂ ਤਿੰਨ ਸਵਾਲਾਂ ਦੇ ਜਵਾਬ ਮੰਗਦਾ ਹਾਂ। ਪਰ ਮੈਂ ਤੁਹਾਨੂੰ ਇਮਾਨਦਾਰੀ ਨਾਲ ਦੱਸਦਾ ਹਾਂ ਕਿ ਉਨ੍ਹਾਂ ਕੋਲ ਮੇਰੇ ਸਵਾਲਾਂ ਦੇ ਜਵਾਬ ਨਹੀਂ ਹਨ। ਉਹ ਹਮੇਸ਼ਾ ਖੂਨ-ਖਰਾਬੇ ਰਾਹੀਂ ਮਜ਼ਦੂਰ ਵਰਗ ਦੀ ਤਾਨਾਸ਼ਾਹੀ ਸਥਾਪਤ ਕਰਨਾ ਚਾਹੁੰਦੇ ਹਨ। ਉਹ ਰਾਜਨੀਤਿਕ ਸ਼ਕਤੀ 'ਤੇ ਹਾਵੀ ਹੋਣ ਵਾਲੀ ਪਾਰਟੀ ਨੂੰ ਤਬਾਹ ਕਰਨਾ ਚਾਹੁੰਦੇ ਹਨ। ਉਨ੍ਹਾਂ ਦੀ ਰਾਏ ਅਨੁਸਾਰ, ਲੋਕ ਸਭਾ ਵਿੱਚ ਪ੍ਰਤੀਨਿਧਤਾ ਨਹੀਂ ਹੋ ਸਕਦੀ। ਵੋਟਿੰਗ ਅਧਿਕਾਰ ਨਹੀਂ ਹੋ ਸਕਦੇ। ਉਹ ਰਾਜ ਦੀ ਤਾਨਾਸ਼ਾਹੀ ਮਹਾਪ੍ਰਗਿਆ ਵਜੋਂ ਬਣੇ ਰਹਿਣਾ ਚਾਹੁੰਦੇ ਹਨ। ਉਹ ਸ਼ਕਤੀ ਜਾਂ ਅਧਿਕਾਰਾਂ ਨੂੰ ਵੰਡੇ ਬਿਨਾਂ ਰਾਜ ਕਰਨਾ ਚਾਹੁੰਦੇ ਹਨ। ਇਸ ਲਈ ਮੈਂ ਉਨ੍ਹਾਂ ਤੋਂ ਪੁੱਛਦਾ ਹਾਂ ਕਿ ਕੀ ਤਾਨਾਸ਼ਾਹੀ ਲੋਕਾਂ 'ਤੇ ਰਾਜ ਕਰਨ ਦਾ ਸਹੀ ਤਰੀਕਾ ਹੈ। ਇਸ ਦਾ ਜਵਾਬ ਉਹ ਦਿੰਦੇ ਹਨ ਕਿ ਉਨ੍ਹਾਂ ਨੇ ਕਦੇ ਵੀ ਤਾਨਾਸ਼ਾਹੀ ਨੂੰ ਸਵੀਕਾਰ ਨਹੀਂ ਕੀਤਾ। ਮੈਂ ਉਨ੍ਹਾਂ ਨੂੰ ਦੁਬਾਰਾ ਪੁੱਛਦਾ ਹਾਂ ਕਿ ਉਨ੍ਹਾਂ ਨੂੰ ਮਜ਼ਦੂਰਾਂ ਦੀ ਤਾਨਾਸ਼ਾਹੀ ਨੂੰ ਕਿਉਂ ਬਰਦਾਸ਼ਤ ਕਰਨਾ ਚਾਹੀਦਾ ਹੈ। ਇਸ ਦਾ ਜਵਾਬ ਉਹ ਦਿੰਦੇ ਹਨ ਕਿ ਕਿਉਂਕਿ ਇਹ ਇੱਕ ਨਿਰਣਾਇਕ ਦੌਰ ਹੈ, ਇਸ ਲਈ ਮਜ਼ਦੂਰਾਂ ਦੀ ਤਾਨਾਸ਼ਾਹੀ ਬਣਾਉਣਾ ਜ਼ਰੂਰੀ ਹੈ।

ਮਜ਼ਦੂਰ ਵਰਗ ਦੀ ਤਾਨਾਸ਼ਾਹੀ ਤੋਂ ਬਿਨਾਂ, ਸਥਾਪਤ ਪੂੰਜੀਪਤੀਆਂ ਅਤੇ ਵਾਧੂ ਦੌਲਤ ਹੜੱਪਣ ਵਾਲੇ ਮਾਲਕਾਂ ਦਾ ਅੰਤ ਨਹੀਂ ਹੋਵੇਗਾ। ਜਦੋਂ ਉਨ੍ਹਾਂ ਨੂੰ ਪੁੱਛਿਆ ਜਾਂਦਾ ਹੈ ਕਿ ਇਹ ਨਿਰਣਾਇਕ ਦੌਰ ਕਿੰਨਾ ਚਿਰ ਰਹੇਗਾ - ਵੀਹ, ਚਾਲੀ ਜਾਂ ਪੰਜਾਹ ਸਾਲ? ਉਨ੍ਹਾਂ ਕੋਲ ਇਸ ਦਾ ਕੋਈ ਠੋਸ ਜਵਾਬ ਨਹੀਂ ਹੈ। ਉਹ ਇੱਕ ਅਸਪਸ਼ਟ ਜਵਾਬ ਦਿੰਦੇ ਹਨ ਕਿ ਕਮਿਊਨਿਜ਼ਮ ਦੇ ਸਥਿਰ ਹੋਣ ਤੋਂ ਬਾਅਦ, ਮਜ਼ਦੂਰ ਵਰਗ ਦੀ ਤਾਨਾਸ਼ਾਹੀ ਆਪਣੇ ਆਪ ਖਤਮ ਹੋ ਜਾਵੇਗੀ। ਠੀਕ ਹੈ, ਮੰਨ ਲਓ ਕਿ ਇਹ ਆਪਣੇ ਆਪ ਖਤਮ ਹੋ ਗਿਆ। ਫਿਰ ਅੱਗੇ ਕੀ? ਇਸਦੀ ਜਗ੍ਹਾ ਕੌਣ ਲਵੇਗਾ? ਉਨ੍ਹਾਂ ਕੋਲ ਇਸ ਸਵਾਲ ਦਾ ਕੋਈ ਜਵਾਬ ਨਹੀਂ ਹੈ।

ਇਸ ਸੰਦਰਭ ਵਿੱਚ, ਜਦੋਂ ਅਸੀਂ ਬੁੱਧ ਵੱਲ ਮੁੜਦੇ ਹਾਂ ਅਤੇ ਉਸਦੇ ਧੰਮ ਨਾਲ ਸਬੰਧਤ ਸਵਾਲ ਉਠਾਉਂਦੇ ਹਾਂ, ਤਾਂ ਉਹ ਕੀ ਕਹਿੰਦੇ ਹਨ? ਬੁੱਧ ਨੇ ਦੁਨੀਆ ਨੂੰ ਇੱਕ ਬਹੁਤ ਵੱਡੀ ਗੱਲ ਦੱਸੀ। ਬੁੱਧ ਦੀਆਂ ਸਿੱਖਿਆਵਾਂ ਅਨੁਸਾਰ, ਮਨੁੱਖ ਦੀ ਮਾਨਸਿਕਤਾ ਵਿੱਚ ਤਬਦੀਲੀ ਤੋਂ ਬਿਨਾਂ ਦੁਨੀਆ ਵਿੱਚ ਸੁਧਾਰ ਜਾਂ ਤਰੱਕੀ ਸੰਭਵ ਨਹੀਂ ਹੈ। ਜੇਕਰ ਕਿਸੇ ਮਨੁੱਖ ਦੀ ਮਾਨਸਿਕਤਾ ਬਦਲ ਜਾਂਦੀ ਹੈ ਅਤੇ ਉਸ ਅਨੁਸਾਰ ਉਹ ਕਮਿਊਨਿਸਟ ਵਿਚਾਰਧਾਰਾ ਨੂੰ ਸਵੀਕਾਰ ਕਰਦਾ ਹੈ, ਇਸਨੂੰ ਸ਼ਰਧਾ ਨਾਲ ਪਿਆਰ ਕਰਦਾ ਹੈ ਅਤੇ ਇਸਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਇਹ ਯਕੀਨੀ ਤੌਰ 'ਤੇ ਇੱਕ ਸਥਾਈ ਰੂਪ ਪ੍ਰਾਪਤ ਕਰ ਸਕਦਾ ਹੈ। ਅਜਿਹੀਆਂ ਸਥਿਤੀਆਂ ਵਿੱਚ, ਮਨੁੱਖ ਨੂੰ ਕਾਨੂੰਨ ਅਤੇ ਵਿਵਸਥਾ ਦੇ ਬੰਧਨਾਂ ਵਿੱਚ ਬੰਨ੍ਹਣ ਲਈ ਫੌਜੀ ਜਾਂ ਪੁਲਿਸ ਕਾਰਵਾਈ ਦੀ ਕੋਈ ਲੋੜ ਨਹੀਂ ਹੋਵੇਗੀ। ਅਜਿਹਾ ਕਿਉਂ ਹੋਵੇਗਾ? ਇਸਦਾ ਜਵਾਬ ਇਹ ਹੈ ਕਿ, ਜਦੋਂ ਬੁੱਧ ਤੁਹਾਡੇ ਮਨ ਨੂੰ ਨੈਤਿਕ ਵਿਵਹਾਰ ਅਤੇ ਸਹੀ ਰਸਤੇ 'ਤੇ ਚੱਲਣ ਲਈ ਤਿਆਰ ਕਰਨਗੇ, ਤਾਂ ਤੁਹਾਡਾ ਮਨ ਹਮੇਸ਼ਾ ਲਈ ਸਹੀ ਰਸਤੇ 'ਤੇ ਚੱਲੇਗਾ, ਫਿਰ ਤੁਹਾਨੂੰ ਸਹੀ ਰਸਤੇ 'ਤੇ ਧੱਕਣ ਲਈ ਕਿਸੇ ਬਾਹਰੀ ਸ਼ਕਤੀ ਦੀ ਲੋੜ ਨਹੀਂ ਰਹੇਗੀ।

ਕਮਿਊਨਿਜ਼ਮ ਦੇ ਖਾਤਮੇ ਸੰਬੰਧੀ ਵਿਚਾਰ ਤਾਕਤ 'ਤੇ ਅਧਾਰਤ ਹਨ। ਕਲਪਨਾ ਕਰੋ ਕਿ ਕੱਲ੍ਹ ਕੀ ਹੋਵੇਗਾ ਜੇਕਰ ਰੂਸ ਦੀ ਕਮਿਊਨਿਸਟ ਤਾਨਾਸ਼ਾਹੀ ਅਸਫਲ ਹੋ ਜਾਂਦੀ ਹੈ ਜਾਂ ਅਜਿਹੇ ਲੱਛਣ ਦਿਖਾਈ ਦੇਣ ਲੱਗ ਪੈਂਦੇ ਹਨ? ਮੈਂ ਇਹ ਜਾਣਨ ਲਈ ਉਤਸੁਕ ਹੋਵਾਂਗਾ ਕਿ ਕਮਿਊਨਿਜ਼ਮ ਦੀ ਸਥਿਤੀ ਕੀ ਹੋਵੇਗੀ। ਮੇਰੀ ਕਲਪਨਾ ਦੇ ਅਨੁਸਾਰ, ਰਾਜ ਦੀ ਮਾਲਕੀ ਵਾਲੀ ਜਾਇਦਾਦ 'ਤੇ ਕਬਜ਼ਾ ਕਰਨ ਲਈ ਰੂਸੀ ਲੋਕਾਂ ਵਿੱਚ ਖੂਨੀ ਲੜਾਈਆਂ ਹੋਣਗੀਆਂ। ਇਹ ਇੱਕ ਅਟੱਲ ਨਤੀਜਾ ਹੋਵੇਗਾ। ਕਿਉਂਕਿ ਰੂਸ ਦੇ ਲੋਕਾਂ ਨੇ ਸਵੈ-ਇੱਛਾ ਨਾਲ ਜਾਂ ਕੁਦਰਤੀ ਤੌਰ 'ਤੇ ਕਮਿਊਨਿਜ਼ਮ ਨੂੰ ਸਵੀਕਾਰ ਨਹੀਂ ਕੀਤਾ ਹੈ। ਇਹ ਉਨ੍ਹਾਂ 'ਤੇ ਜ਼ਬਰਦਸਤੀ ਥੋਪਿਆ ਗਿਆ ਹੈ। ਕਮਿਊਨਿਜ਼ਮ ਸਥਾਪਤ ਕਰਦੇ ਸਮੇਂ, ਉਨ੍ਹਾਂ ਨੂੰ ਇਹ ਕਹਿ ਕੇ ਡਰਾਇਆ ਜਾਂਦਾ ਸੀ ਕਿ ਜੇਕਰ ਉਹ ਕਮਿਊਨਿਸਟ ਵਿਚਾਰਧਾਰਾ ਨੂੰ ਸਵੀਕਾਰ ਨਹੀਂ ਕਰਦੇ, ਤਾਂ ਉਨ੍ਹਾਂ ਨੂੰ ਫਾਂਸੀ 'ਤੇ ਚੜ੍ਹਾ ਦਿੱਤਾ ਜਾਵੇਗਾ ਅਤੇ ਇਸੇ ਲਈ ਉਹ ਹੁਣ ਤੱਕ ਚੁੱਪ-ਚਾਪ ਕਮਿਊਨਿਜ਼ਮ ਨੂੰ ਬਰਦਾਸ਼ਤ ਕਰ ਰਹੇ ਹਨ। ਇਹ ਯਾਦ ਰੱਖਣਾ ਹੋਵੇਗਾ ਕਿ ਕੋਈ ਵੀ ਵਿਚਾਰਧਾਰਾ ਡਰ ਕਾਰਨ ਜੜ੍ਹ ਨਹੀਂ ਫੜ ਸਕਦੀ। ਜੇਕਰ ਕਿਸੇ ਵਿਚਾਰਧਾਰਾ ਨੂੰ ਸਵੀਕਾਰ ਕਰ ਲਿਆ ਜਾਂਦਾ ਹੈ, ਪਰ ਸਮੇਂ ਦੇ ਬੀਤਣ ਨਾਲ ਇਸਦੀ ਧਾਰਨ ਸ਼ਕਤੀ ਖਤਮ ਹੋ ਜਾਂਦੀ ਹੈ, ਤਾਂ ਜਦੋਂ ਤੱਕ ਇਸ ਸਵਾਲ ਦਾ ਜਵਾਬ ਨਹੀਂ

"ਇਕੁਐਲਿਟੀ ਐਂਡ ਜਸਟਿਸ" Rs- 100/month
"Equality and Justice" स्वतंत्रता, समानता, भाईचारा

ਦਿੱਤਾ ਜਾਂਦਾ ਕਿ ਭਵਿੱਖ ਵਿੱਚ ਉਸ ਵਿਚਾਰਧਾਰਾ ਦਾ ਕੀ ਹੋਵੇਗਾ, ਇਹ ਲੋਕਾਂ ਦੇ ਮਨਾਂ ਵਿੱਚ ਜਗ੍ਹਾ ਨਹੀਂ ਪਾ ਸਕਦੀ। ਜੇਕਰ ਮਾਨਸਿਕਤਾ ਨਹੀਂ ਬਣਾਈ ਜਾਂਦੀ, ਤਾਂ ਸ਼ਕਤੀ ਦੀ ਜ਼ਰੂਰਤ ਹਮੇਸ਼ਾ ਮਹਿਸੂਸ ਹੁੰਦੀ ਰਹੇਗੀ। ਇਹੀ ਕਾਰਨ ਹੈ ਕਿ ਮੈਂ ਹਮੇਸ਼ਾ ਬੁੱਧ ਵੱਲ ਆਕਰਸ਼ਿਤ ਰਿਹਾ ਹਾਂ। ਬੁੱਧ ਦੀ ਵਿਚਾਰਧਾਰਾ ਲੋਕਤੰਤਰ ਦੀ ਵਿਚਾਰਧਾਰਾ ਹੈ।

ਅਜਾਤਸ਼ਤ੍ਰੂ ਵਾਜਜੀ ਨੂੰ ਜਿੱਤਣਾ ਚਾਹੁੰਦਾ ਸੀ। ਅਜਾਤਸ਼ਤ੍ਰੂ ਦਾ ਸੈਨਾਪਤੀ ਬੁੱਧ ਕੋਲ ਇਹ ਦੱਸਣ ਲਈ ਆਇਆ। ਬੁੱਧ ਨੇ ਉਸਨੂੰ ਕਿਹਾ ਕਿ ਜਿੰਨਾ ਚਿਰ ਵਾਜਜੀ ਆਪਣੇ ਰਾਜ ਨੂੰ ਆਪਣੀ ਪੁਰਾਣੀ ਪ੍ਰਣਾਲੀ ਅਨੁਸਾਰ ਚਲਾ ਰਿਹਾ ਹੈ, ਉਸਨੂੰ ਹਰਾਉਣਾ ਸੰਭਵ ਨਹੀਂ ਹੈ। ਇਹ ਪਤਾ ਨਹੀਂ ਕਿ ਬੁੱਧ ਨੇ ਵਾਜਜੀ ਪ੍ਰਣਾਲੀ ਦੀ ਵਿਆਖਿਆ ਕਿਉਂ ਨਹੀਂ ਕੀਤੀ। ਪਰ ਉਸਨੇ ਜੋ ਵੀ ਕਿਹਾ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਵਾਜਜੀਆਂ ਦੇ ਲੋਕਤੰਤਰੀ ਅਤੇ ਗਣਤੰਤਰ ਰੂਪ ਦੇ ਸ਼ਾਸਨ ਬਾਰੇ ਸੀ। ਇਸੇ ਲਈ ਬੁੱਧ ਨੇ ਕਿਹਾ ਕਿ ਜਿੰਨਾ ਚਿਰ ਵਾਜਜੀ ਆਪਣੇ ਪੁਰਾਣੇ ਤਰੀਕਿਆਂ ਦੀ ਪਾਲਣਾ ਕਰਦਾ ਹੈ, ਇਹ ਕਦੇ ਵੀ ਹਾਰਿਆ ਨਹੀਂ ਜਾਵੇਗਾ। ਇਸ ਤੋਂ ਪਤਾ ਲੱਗਦਾ ਹੈ ਕਿ ਬੁੱਧ ਲੋਕਤੰਤਰ ਦਾ ਇੱਕ ਵੱਡਾ ਸਮਰਥਕ ਸੀ।

ਸ਼੍ਰੀਮਾਨ ਚੇਅਰਮੈਨ, ਜੇਕਰ ਤੁਸੀਂ ਇਜਾਜ਼ਤ ਦਿਓ, ਤਾਂ ਮੈਂ ਤੁਹਾਡਾ ਧਿਆਨ ਇਸ ਤੱਥ ਵੱਲ ਖਿੱਚਣਾ ਚਾਹੁੰਦਾ ਹਾਂ ਕਿ ਮੈਂ ਰਾਜਨੀਤੀ ਸ਼ਾਸਤਰ ਦਾ ਵਿਦਿਆਰਥੀ ਸੀ, ਮੈਂ ਅਰਥ ਸ਼ਾਸਤਰ ਦਾ ਵੀ ਵਿਦਿਆਰਥੀ ਸੀ, ਇੰਨਾ ਹੀ ਨਹੀਂ, ਮੈਂ ਅਰਥ ਸ਼ਾਸਤਰ ਦਾ ਵੀ ਅਧਿਆਪਕ ਸੀ। ਮੇਰੀ ਜ਼ਿੰਦਗੀ ਦਾ ਇੱਕ ਵੱਡਾ ਹਿੱਸਾ ਕਾਰਲ ਮਾਰਕਸ, ਸਾਮਵਾਦ ਅਤੇ ਹੋਰ ਬਹੁਤ ਸਾਰੇ ਵਿਸ਼ਿਆਂ ਦਾ ਅਧਿਐਨ ਕਰਨ ਵਿੱਚ ਬਿਤਾਇਆ ਹੈ। ਇਸ ਦੇ ਨਾਲ, ਮੈਂ ਆਪਣੀ ਜ਼ਿੰਦਗੀ ਦਾ ਬਹੁਤ ਸਾਰਾ ਸਮਾਂ ਬੁੱਧ ਦੇ ਧੰਮ ਬਾਰੇ ਸਿੱਖਣ ਵਿੱਚ ਵੀ ਬਿਤਾਇਆ ਹੈ। ਜਦੋਂ ਮੈਂ ਬੋਧੀ ਦਰਸ਼ਨ ਅਤੇ ਮਾਰਕਸਵਾਦ ਦਾ ਤੁਲਨਾਤਮਕ ਅਧਿਐਨ ਕੀਤਾ, ਤਾਂ ਮੈਂ ਇਸ ਸਿੱਟੇ 'ਤੇ ਪਹੁੰਚਿਆ ਕਿ ਬੁੱਧ ਦਾ ਮਾਰਗ ਦੁਨੀਆ ਦੀ ਇੱਕ ਵੱਡੀ ਸਮੱਸਿਆ ਨੂੰ ਹੱਲ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ, ਯਾਨੀ ਕਿ ਦੁਨੀਆ ਵਿੱਚ ਦੁੱਖ ਹਨ ਅਤੇ ਇਸਨੂੰ ਹੱਲ ਕਰਨ ਦਾ ਇੱਕ ਨਿਸ਼ਚਿਤ ਹੱਲ ਹੈ। ਇਹ ਸੁਰੱਖਿਅਤ ਅਤੇ ਮਜ਼ਬੂਤ ਵੀ ਹੈ। ਇਸ ਲਈ ਮੈਂ ਬੋਧੀ ਦੇਸ਼ਾਂ ਦੇ ਨੌਜਵਾਨਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਬੁੱਧ ਦੇ ਯਥਾਰਥਵਾਦੀ ਦਰਸ਼ਨ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਇਸਦਾ ਪਾਲਣ ਕਰਨਾ ਚਾਹੀਦਾ ਹੈ।

**ਬਾਕੀ ਦਾ ਭਾਗ ਕਲ**

# ਕਾਂਗਰਸ ਨੂੰ ਤਕੜਾ ਹੁਲਾਰਾ ਪਿੰਡ ਸੱਦੋਮਾਜਰਾ ਦੇ ਕਈ ਆਗੂ ਆਮ ਆਦਮੀ ਪਾਰਟੀ ਨੂੰ ਛੱਡ ਕੇ ਕਾਂਗਰਸ ਪਾਰਟੀ 'ਚ ਸ਼ਾਮਿਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com

ਫ਼ਤਹਿਗੜ੍ਹ ਸਾਹਿਬ,25 ਮਈ 2025 - ਹਲਕਾ ਫ਼ਤਹਿਗੜ੍ਹ ਸਾਹਿਬ ਬਲਾਕ ਖੇੜਾ ਦੇ ਪਿੰਡ ਸੱਦੋਮਾਜਰਾ ਵਿਖੇ ਕਾਂਗਰਸ ਪਾਰਟੀ ਨੂੰ ਵੱਡੀ ਮਜ਼ਬੂਤੀ ਮਿਲੀ ਜਦੋਂ ਇਲਾਕੇ ਦੇ ਕਈ ਸਰਗਰਮ ਆਗੂ ਗੁਰਵਿੰਦਰ ਸਿੰਘ ਪੰਚ,ਜਗਮੀਤ ਸਿੰਘ,ਗੁਰਵਿੰਦਰ ਸਿੰਘ,ਜਸਵੰਤ ਸਿੰਘ,ਸੁਰਿੰਦਰ ਸਿੰਘ,ਬਲਵਿੰਦਰ ਸਿੰਘ,ਸਤਨਾਮ ਸਿੰਘ,ਮਨਪ੍ਰੀਤ ਸਿੰਘ,ਬਲਵੰਤ ਸਿੰਘ,ਸਿਮਰਜੋਤ ਸਿੰਘ,ਰਜਿੰਦਰ ਸਿੰਘ,ਸੁਖਜਿੰਦਰ ਸਿੰਘ,ਅਨੋਖ ਸਿੰਘ ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਲਿਆ।

ਇਨ੍ਹਾਂ ਆਗੂਆਂ ਦਾ ਸਵਾਗਤ ਕਰਦੇ ਹੋਏ ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਨੇ ਲੋਕਾਂ ਨੂੰ ਹਰੇਕ ਪਾਸੇ ਪਰੇਸ਼ਾਨ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਗਲਤ ਕਾਰਗੁਜ਼ਾਰੀ ਕਾਰਨ ਕਿਸਾਨ, ਨੌਜਵਾਨ, ਮਜ਼ਦੂਰ ਅਤੇ ਵਪਾਰੀ ਆਤਮ-ਨਿਰਭਰਤਾ ਦੀ ਥਾਂ ਤੇ ਬੇਬਸੀ ਵਲ ਵਧ ਰਹੇ ਹਨ।

ਨਾਗਰਾ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਸਦਾ ਇਨਸਾਫ, ਭਾਈਚਾਰੇ ਅਤੇ ਵਿਕਾਸ ਦੀ ਰਾਜਨੀਤੀ ਕੀਤੀ ਹੈ। ਅਸੀਂ ਕਦੇ ਵੀ ਲੋਕਾਂ ਨੂੰ ਧਰਮ, ਜਾਤੀ ਜਾਂ ਭਾਸ਼ਾ ਦੇ ਨਾਂ 'ਤੇ ਵੰਡਣ ਦੀ ਕੋਸ਼ਿਸ਼ ਨਹੀਂ ਕੀਤੀ, ਸਗੋਂ ਉਨ੍ਹਾਂ ਨੂੰ ਇਕਠਾ ਕਰਕੇ ਅੱਗੇ ਵਧਣ ਦੀ ਸੋਚ ਦਿੱਤੀ।

ਨਾਗਰਾ ਨੇ ਆਮ ਆਦਮੀ ਪਾਰਟੀ ਨੂੰ ਭਾਜਪਾ ਦੀ "ਬੀ ਟੀਮ" ਕਰਾਰ ਦਿੰਦਿਆਂ ਕਿਹਾ ਕਿ ਦੋਵਾਂ ਪਾਰਟੀਆਂ ਨੇ ਮਿਲ ਕੇ ਪੰਜਾਬ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾਂ ਹਰੇਕ ਵਰਗ ਦੀ ਭਲਾਈ ਲਈ ਕੰਮ ਕਰਦੀ ਆ ਰਹੀ ਹੈ ਅਤੇ ਲੋਕਾਂ ਦੀ ਵਧ ਰਹੀ ਹੋਈ ਰੁਚੀ ਇਸ ਗੱਲ ਦਾ ਸਾਫ਼ ਸੰਕੇਤ ਹੈ ਕਿ ਆਉਣ ਵਾਲੇ ਚੋਣਾਂ ਵਿੱਚ ਕਾਂਗਰਸ ਵਾਪਸ ਮਜ਼ਬੂਤੀ ਨਾਲ ਸੱਤਾ ਵਿੱਚ ਆਵੇਗੀ।

ਇਸ ਮੌਕੇ ਸ਼ਾਮਿਲ ਹੋਏ ਆਗੂਆ ਨੇ ਕਾਂਗਰਸ ਦੀ ਨੀਤੀਆ ਉੱਤੇ ਭਰੋਸਾ ਜਤਾਉਂਦੇ ਹੋਏ ਕਿਹਾ ਕਿ ਸਿਰਫ ਕਾਂਗਰਸ ਹੀ ਲੋਕ ਹਿਤਾਂ ਦੀ ਰਾਖੀ ਕਰਨ ਵਾਲੀ ਪਾਰਟੀ ਹੈ।ਇਸ ਮੌਕੇ ਜਸਵਿੰਦਰ ਸਿੰਘ,ਸਾਬਕਾ ਸਰਪੰਚ ਰਣਜੀਤ ਸਿੰਘ ਸੱਦੋਮਾਜਰਾ,ਲਾਭ ਸਿੰਘ ਸ਼ਮਸ਼ੇਰ ਨਗਰ ਸੀਨੀਅਰ ਮੀਤ ਪ੍ਰਧਾਨ ਬਲਾਕ ਕਾਂਗਰਸ ਖੇੜਾ ਆਦਿ ਹਾਜ਼ਰ ਸਨ।

# ਮੁਸਲਿਮ ਫਰੰਟ ਪੰਜਾਬ ਜਿਲ੍ਹਾ ਕਮੇਟੀ ਮਾਨਸਾ ਦੀ ਚੋਣ ਮੌਕੇ ਮੈਰੀਟੋਰੀਅਸ ਸਕੂਲ ਖੋਲ੍ਹਣ ਦੀ ਮੰਗ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com

ਮਾਨਸਾ ,25 ਮਈ 2025: ਅੱਜ ਇਥੇ ਐਚ ਆਰ ਮੋਫਰ ਸੂਬਾ ਪ੍ਰਧਾਨ ਮੁਸਲਿਮ ਫ਼ਰੰਟ ਪੰਜਾਬ ਦੀ ਪ੍ਰਧਾਨਗੀ ਹੇਠ ਮੁਸਲਿਮ ਫਰੰਟ ਪੰਜਾਬ ਜਿਐਲਾ ਮਾਨਸਾ ਦੀ ਮੀਟਿੰਗ ਵਿੱਚ ਜ਼ਿਲ੍ਹਾ ਕਮੇਟੀ ਦੀ ਚੋਣ ਕੀਤੀ ਗਈ ਅਤੇ ਤਹਿਸੀਲ ਵਾਰ ਕਮੇਟੀਆਂ ਦਾ ਗਠਨ ਕੀਤਾ ਗਿਆ ਜਿਸ ਵਿੱਚ ਜ਼ਿਲ੍ਹਾ ਕਮੇਟੀ ਵਿੱਚ ਡਾ.ਮਹਿਬੂਬ ਅਖ਼ਤਰ ਸਰਪ੍ਰਸਤ, ਡਾ: ਹਸਨ ਸਰਦਾਰ ਮੋਫਰ (ਪ੍ਰੋਫੈਸਰ) ਸਲਾਹਕਾਰ , ਸ਼ਿੰਗਾਰਾ ਖਾਨ ਜਵਾਹਰਕੇ ਜ਼ਿਲ੍ਹਾ ਪ੍ਰਧਾਨ ,ਰਵੀ ਖਾਨ ਮੀਤ ਪ੍ਰਧਾਨ, ਸਵਰਨ ਖਾਨ ਫ਼ਫੜੇ ਭਾਈਕੇ ਜ਼ਿਲ੍ਹਾ ਸਕੱਤਰ ,ਡਾਕਟਰ ਰਮਜ਼ਾਨ ਖਾਨ ਬੁਢਲਾਡਾ ਸਹਾਇਕ ਸਕੱਤਰ ,ਪਵਨ ਖਾਨ ਕੋਟਲੀ ਕੈਸ਼ੀਅਰ ,ਅਜੈਬ ਖਾਨ ਸਹਾਇਕ ਕੈਸ਼ੀਅਰ,ਅਕਾਸ਼ਦੀਪ ਪ੍ਰੈਸ ਸਕੱਤਰ,ਤਰਸੇਮ ਖਾਨ ਖਿਆਲੀ ਚਹਿਲਾਂ ਅਗਜੈਕਟਿਵ ਮੈਂਬਰ,ਜਗਸੀਰ ਖਾਨ ਅਗਜੈਕਟਿਵ ਮੈਂਬਰ, ਲੀਲਾ ਖਾਨ ਐਗਜੈਕਟਿਵ ਮੈਂਬਰ, ਬਿਲਾਲ ਖਾਨ ਐਗਜੈਕਟਿਵ ਮੈਂਬਰ, ਅਮਰੀਕ ਖਾਨ ਐਗਜੈਕਟਿਵ ਮੈਂਬਰ ਚੁਣੇ ਗਏ।

ਇਸ ਤੋਂ ਇਲਾਵਾ ਹਲਕਾ ਬੁਢਲਾਡਾ ਸਰਦੂਲਗੜ੍ਹ ਤੇ ਮਾਨਸਾ ਦੀ ਪੰਜ ਪੰਜ ਮੈਂਬਰੀ ਕਮੇਟੀ ਕਰਮਵਾਰ ਬੁਢਲਾਡਾ ਵਿੱਚੋਂ ਸਿਰਾਜ ਦੋਦੜਾ, ਡਾਕਟਰ ਅਕਬਰ ਟੋਨੀ ,ਗੁਫਰਾਨ ਖਾਨ, ਮੌਲਵੀ ਫੁਰਕਾਨ ਅਤੇ ਮਲਕੀਤ ਖਾਨ। ਸਰਦੂਲਗੜ੍ਹ ਵਿੱਚੋਂ ਮੱਖਣ ਖਾਨ ਮੀਰਪੁਰ, ਤਰਸੇਮ ਨੰਦਗੜ੍ਹ, ਤਰਸੇਮ ਖਾਨ ਖਿਆਲੀ ਚਹਿਲਾਂ ,ਤਰਸੇਮ ਖਾਨ (ਸਲੀਮ) ਕੋਟ ਧਰਮੂ ਤੇ ਜਰਨੈਲ ਖਾਨ ਕੋਰਵਾਲਾ। ਇਸੇ ਤਰ੍ਹਾਂ ਮਾਨਸਾ ਤੋਂ ਮਿੱਠੂ ਖਾਨ ਕੱਲ੍ਹੋ, ਗਗਨਦੀਪ ਕੋਟਲੀ ਕਲਾਂ,ਸੂਬਾ ਖਾਨ ਫਫੜੇ ਭਾਈਕੇ, ਬੂਟਾ ਸ਼ੇਖ ਖੀਵਾ ਕਲਾਂ, ਰਫੀਕ ਖਾਨ ਭੈਪਾਲ ਕਲਾਂ ਨੂੰ ਚੁਣਿਆ ਗਿਆ।

ਇਸ ਮੌਕੇ ਸਮੂਹ ਹਾਜ਼ਰ ਮੈਂਬਰਾਂ ਵੱਲੋਂ ਚੇਅਰਮੈਨ ਪੰਜਾਬ ਵਕਫ਼ ਬੋਰਡ ਤੋਂ ਜ਼ਿਲ੍ਹਾ ਮਾਨਸਾ ਵਿੱਚ ਵੀ ਮੈਰੀਟੋਰੀਅਸ ਸਕੂਲ ਖੋਲਣ ਦੀ ਮੰਗ ਕੀਤੀ ਗਈ ਤਾਂ ਕਿ ਜਿਲਾ ਮਾਨਸਾ ਦੇ ਅਤਿ ਪਛੜੇ ਜਿਲ੍ਹੇ ਵਿੱਚੋਂ ਕਾਬਲ ਮੁਸਲਿਮ ਬੱਚਿਆਂ ਨੂੰ ਅੱਗੇ ਵਧਣ ਦਾ ਮੌਕਾ ਮਿਲ ਸਕੇ । ਇਸ ਮੌਕੇ ਪੰਜਾਬ ਸਰਕਾਰ ਤੋਂ ਜ਼ਿਲ੍ਹਾ ਮਾਨਸਾ ਦੇ ਸਮੂਹ ਕਬਰਸਤਾਨਾਂ ਦੀ ਇੱਕ ਪਾਲਸੀ ਦੇ ਆਧਾਰ ਤੇ ਇੱਕ ਵਾਰ ਵਿੱਚ ਹੀ ਚਾਰ ਦੀਵਾਰੀ ਕਰਨ ਦੀ ਮੰਗ ਕੀਤੀ ਗਈ।ਅੱਜ ਦੀ ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਮੰਗੂ ਖਾਨ , ਸੁਲੱਖਣ ਖਾਨ , ਗੁਲਜਾਰ ਮੁਹੰਮਦ, ਸ਼ੇਰ ਖਾਨ , ਚਤਵੰਤ ਫੱਤਾ ਮਾਲੋਕਾ , ਰੂਪ ਦੀਨ, ਟੇਕ ਖਾਨ, ਸਰਾਜਦੀਨ ,ਬੂਟਾ ਖਾਨ , ਤੇ ਮੱਖਣ ਖਾਨ ਆਦਿ ਨੇ ਸ਼ਿਰਕਤ ਕੀਤੀ ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com

# ਕੌਮ ਦੇ ਮਹਾਨ ਸ਼ਹੀਦ ਸੰਤ ਰਾਮਾਨੰਦ ਜੀ ਦੀ ਸੋਚ ਨੂੰ ਸਿੱਜਦਾ ਕਰੀਏ

ਪ੍ਰਿੰਸੀਪਲ ਪਰਮਜੀਤ ਜੱਸਲ



ਸੰਸਾਰ ਅੰਦਰ ਕੁਝ ਅਜਿਹੀਆਂ ਸ਼ਖਸ਼ੀਅਤਾਂ ਪੈਦਾ ਹੁੰਦੀਆਂ ਹਨ , ਜਿਹੜੀਆਂ ਆਪਣੇ ਕੌਮ ਅਤੇ ਸਮਾਜ ਲਈ ਪਰਉਪਕਾਰੀ ਕੰਮਾਂ ਸਦਕਾ ਰਹਿੰਦੀ ਦੁਨੀਆਂ ਤੱਕ ਆਪਣੀ ਛਾਪ ਛੱਡ ਜਾਂਦੀਆਂ ਹਨ ਪ੍ਰੰਤੂ ਸੰਤ ਜਨ ਕੁੱਲ ਮਨੁੱਖਤਾ ਲਈ ਇਕ ਚਾਨਣ ਮੁਨਾਰੇ ਦੀ ਤਰ੍ਹਾਂ ਕੰਮ ਕਰਦੇ ਹੋਏ ਆਪਣੀਆਂ ਕਿਰਨਾਂ ਸਮਾਜ ‘ਤੇ ਵਿਖੇਰਦੇ ਹਨ, ਜੋ ਪ੍ਰੇਰਨਾਦਾਇਕ ਹੁੰਦੀਆਂ ਹਨ। ਬਾਰਡਰਾਂ ਦੀਆਂ ਸੀਮਤ ਲਕੀਰਾਂ, ਰੰਗਾਂ, ਨਸਲਾਂ , ਮਜ਼ਬਾਂ ਦੀਆਂ ਕੁਝ ਕਹਾਣੀਆਂ ਉਹਨਾਂ ਲਈ ਕੋਈ ਅਰਥ ਨਹੀਂ ਰੱਖਦੀਆਂ ਸਗੋਂ ਸੰਤ ਜਨ ਬੋਹੜ ਦੀ ਛਾਂ ਵਾਂਗੂੰ ਹੁੰਦੇ ਹਨ ,ਜਿਹੜੇ ਪਾਪਾਂ ਰੂਪੀ ਗਰਮੀ ਨਾਲ ਤੱਪਦੀ ਮਨੁੱਖਤਾ ਨੂੰ ਪੱਛਮ ਦੀਆਂ ਠੰਡੀਆਂ ਠਾਰ ਪੌਣਾਂ ਬਣ ਕੇ ਠਾਰਦੇ ਹਨ।

ਅਜਿਹੀ ਇੱਕ ਕ੍ਰਾਂਤੀਕਾਰੀ ਜੋਤ 02 ਫਰਵਰੀ 1952 ਨੂੰ, ਸਤਿਕਾਰਯੋਗ ਪਿਤਾ ਸ੍ਰੀ ਮਹਿੰਗਾ ਰਾਮ ਜੀ, ਸਤਿਕਾਰਯੋਗ ਮਾਤਾ ਜੀਤ ਕੌਰ ਜੀ ਦੇ ਗ੍ਰਹਿ ਰਮਦਾਸਪੁਰ ,ਅਲਾਵਲਪੁਰ ਜਲੰਧਰ ਵਿਚ ਜਨਮੀ। ਜਿਸ ਰੱਬੀ ਜੋਤ ਦਾ ਨਾਂ ਮਾਤਾ -ਪਿਤਾ ਨੇ ‘ਰਾਮਾ ਨੰਦ’ ਰੱਖਿਆ। ਘਰ ਵਿੱਚ ਗੁਰਬਤ ਸੀ। ਪਰ ਮਾਪਿਆਂ ਦਾ ਸੁਭਾਅ ਸੇਵਾ ਭਾਵਨਾ ਵਾਲਾ ਸੀ। ਜਿਸ ਕਰਕੇ ਉਹ ਸੰਤ ਸਰਵਣ ਦਾਸ ਜੀ ਡੇਰਾ ਸੱਚਖੰਡ ਬੱਲਾਂ ਦੀ ਕੁਟੀਆ ਵਿੱਚ ਜਾਇਆ ਕਰਦੇ ਸਨ। ਉਥੋਂ ਮਹਾਂਪੁਰਸ਼ਾਂ ਦਾ ਅਸ਼ੀਰਵਾਦ ਪ੍ਰਾਪਤ ਕਰਦੇ ਸਨ। ਮਾਪਿਆਂ ਨੇ ਕਦੀ ਸੁਪਨਾ ਵੀ ਨਹੀਂ ਲਿਆ ਹੋਵੇਗਾ ਕਿ ਸਾਡਾ ਬੱਚਾ ਵੱਡਾ ਹੋ ਕੇ ਇੱਕ “ਸੰਤ “ ਬਣੇਗਾ, ਤੇ ਬਹੁਜਨ ਸਮਾਜ ਤੇ ਲੋੜਵੰਦਾਂ ਦੀ ਮੱਦਦ ਕਰੇਗਾ। ਸੱਚਮੁੱਚ ਇੱਕ ਅਜਿਹਾ ਸੁਨਹਿਰੀ ਮੌਕਾ ਆਇਆ। ਰਾਮਾਨੰਦ ਜੀ,ਨੇ ਦੋਆਬਾ ਕਾਲਜ ਤੋਂ ਉੱਚ ਵਿੱਦਿਆ ਪ੍ਰਾਪਤ ਕਰ ਲਈ। ਘਰ ਦਾ ਕੁਝ ਮਾਹੌਲ ਸਾਧੂ ਸੰਤਾਂ ਦਾ ਸੇਵਾ ਭਾਵਨਾ ਦਾ ਹੋਣ ਕਰਕੇ ਮਹਾਂਪੁਰਸ਼ਾਂ ‘ਤੇ ਉਸ ਦਾ ਪ੍ਰਭਾਵ ਪੈਣਾ ਲਾਜ਼ਮੀ ਸੀ। ਉਹ ਵੀ ਕਈ ਵਾਰੀ ਆਪਣੇ ਮਾਪਿਆਂ ਨਾਲ ਡੇਰਾ ਸੱਚਖੰਡ ਬੱਲਾਂ ਆਇਆ ਕਰਦੇ ਸਨ ਅਤੇ ਸੰਗਤਾਂ ਦੀ ਸੇਵਾ ਵਿੱਚ ਆਪਣਾ ਸਮਾਂ ਬਿਤਾਉਂਦੇ ਸਨ। ਹੁਣ ਉਹਨਾਂ ਦਾ ਮਨ ਘਰ ਨਹੀਂ ਲੱਗਦਾ ਸੀ। ਉਹ ਚੁੱਪ- ਚੁੱਪ ਤੇ ਉਦਾਸ ਰਹਿਣ ਲੱਗੇ। ਮਾਤਾ ਪਿਤਾ ਨੂੰ ਚਿੰਤਾ ਹੋਈ ਉਹਨਾਂ ਡੇਰੇ ਆ ਕੇ ਵੱਡੇ ਮਹਾਂਪੁਰਸ਼ਾਂ ਨਾਲ ਇਸ ਸਬੰਧੀ ਗੱਲ ਕੀਤੀ। ਸੰਤ ਸਰਵਣ ਦਾਸ ਜੀ ਨੇ ਸ੍ਰੀ ਮਹਿੰਗਾ ਜੀ ਤੇ ਮਾਤਾ ਜੀਤ ਕੌਰ ਨੂੰ ਕਿਹਾ ਕਿ ਆਪਣੇ ਪੁੱਤਰ ਨੂੰ ਡੇਰੇ ਲੈ ਕੇ ਆਓ। ਸਭ ਠੀਕ ਹੋ ਜਾਏਗਾ। ਬੱਸ ਸੰਤਾਂ ਦਾ ਤਾਂ ਇਸ਼ਾਰਾ ਹੀ ਹੁੰਦਾ ਹੈ, ਮਾਪੇ ਆਪਣੇ ਬੱਚੇ ਨੂੰ ਨਾਲ ਲੈ ਕੇ ਡੇਰੇ ਪਹੁੰਚੇ। ਵੱਡੇ ਮਹਾਂਪੁਰਸ਼ਾਂ ਤੋਂ ਅਸ਼ੀਰਵਾਦ ਲਿਆ। ਸੰਤ ਹਰੀਦਾਸ ਮਹਾਰਾਜ ਜੀ ਤੋਂ ਆਪ ਜੀ ਨੂੰ ਨਾਮ ਦੀ ਬਖਸ਼ਿਸ਼ ਹੋ ਗਈ ਤੇ ਸੰਤ ਗਰੀਬ ਦਾਸ ਮਹਾਰਾਜ ਜੀ ਨੇ ਆਪ ਜੀ ਨੂੰ ਭੇਖ ਦੀ ਦਾਤ ਬਖਸ਼ ਕੇ “ਸੰਤ “ ਬਣਾ ਦਿੱਤਾ। ਬੱਸ ਫਿਰ ਕੀ ਸੀ? ਸੰਤ ਰਾਮਾਨੰਦ ਜੀ ਨੇ ਹੁਣ ਸਾਰਾ ਸਮਾਂ ਡੇਰੇ ਸੰਗਤਾਂ ਦੀ ਸੇਵਾ ਵਿੱਚ ਲਾਉਣਾ ਸ਼ੁਰੂ ਕੀਤਾ। ਸੰਤ ਸਰਵਣ ਦਾਸ ਇੱਕ ਅਜਿਹੇ ਮਹਾਂਪੁਰਸ਼ ਸਨ, ਜਿਨਾਂ ਨੇ ਗੁਰੂ ਰਵਿਦਾਸ ਮਹਾਰਾਜ ਜੀ ਦੀ ਯਾਦ ਵਿੱਚ ਜਨਮ ਸਥੱਲ ਸੀਰ ਗੋਵਰਧਨਪੁਰ, ਕਾਂਸ਼ੀ ਬਨਾਰਸ ਦੀ ਧਰਤੀ ‘ਤੇ ਸੰਤ ਹਰੀ ਦਾਸ ਜੀ ਮਹਾਰਾਜ ਤੋਂ ਨੀਂਹ ਪੱਥਰ ਰੱਖਵਾਇਆ। ਸੰਤ ਹਰੀ ਦਾਸ ਜੀ ਮਹਾਰਾਜ ਜੀ ਤੋਂ ਮੰਦਰ ਦੀ ਉਸਾਰੀ ਵੀ ਕਰਵਾਈ। ਸੰਤ ਹਰੀ ਦਾਸ ਤੋਂ ਬਾਅਦ ਡੇਰੇ ਦੀ ਵਾਂਗਡੋਰ ਸੰਤ ਗਰੀਬ ਦਾਸ ਜੀ ਮਹਾਰਾਜ ਜੀ ਨੇ ਸੰਭਾਲੀ। ਸੰਤ ਸਰਵਣ ਦਾਸ ਜੀ ਅਤੇ ਸੰਤ ਹਰੀ ਦਾਸ ਜੀ ਮਹਾਰਾਜ ਜੀ ਦੇ ਹੁਕਮਾਂ ਅਤੇ ਕਦਮਾਂ ‘ਤੇ ਚੱਲਦੇ ਹੋਏ ਗੁਰੂ ਰਵਿਦਾਸ ਮੰਦਰ ਕਾਂਸ਼ੀ, ਬਨਾਰਸ ਦੀ ਉਸਾਰੀ ਕੀਤੀ। ਸੋਨੇ ਦੇ ਕਲਸ਼ ਵੀ ਚੜਾਏ ਗਏ।




ਆਪ ਹਮੇਸ਼ਾ ਹੀ ਸੰਤ ਗਰੀਬ ਦਾਸ ਮਹਾਰਾਜ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਸਨ। ਸੰਤ ਗਰੀਬ ਦਾਸ ਮਹਾਰਾਜ ਜੀ ਨੇ ਸੰਤ ਸਰਵਣ ਦਾਸ ਜੀ ਮਹਾਰਾਜ ਜੀ ਦੀ ਯਾਦ ਵਿੱਚ ਅੱਡਾ ਕਠਾਰ, ਆਦਮਪੁਰ ਵਿਖੇ ਹਸਪਤਾਲ ਬਣਾਇਆ। ਜਿੱਥੋਂ ਅੱਜ ਲੱਖਾਂ ਗਰੀਬ ਮਰੀਜ਼ ਦਵਾਈ ਲੈ ਕੇ ਸਿਹਤਯਾਬ ਹੋਏ ਹਨ। ਸੰਤ ਹਰੀ ਦਾਸ ਜੀ ਮਹਾਰਾਜ ਜੀ ਦੀ ਯਾਦ ਵਿੱਚ ਡੇਰੇ ਵਿਖੇ ਇੱਕ ਸਤਿਸੰਗ ਹਾਲ ਬਣਾਇਆ। ਜਿੱਥੇ ਸਮਾਗਮ ਹੁੰਦੇ ਸਨ। ਕੌਮ ਦੀ ਆਵਾਜ਼ ਬੁਲੰਦ ਕਰਨ ਲਈ ਬੇਗਮਪੁਰਾ ਹਫਤਾਵਾਰੀ ਪੇਪਰ ਸ਼ੁਰੂ ਕਰਵਾਇਆ। ਜੋ ਅੱਜ ਲੱਖਾਂ ਨਵੇਂ ਲੇਖਕਾਂ, ਵਿਦਵਾਨਾਂ, ਸੂਝਵਾਨਾਂ, ਬੁੱਧੀਜੀਵੀਆਂ, ਕੌਮ ਦੇ ਹਿਤੈਸ਼ੀਆਂ ਲਈ ਚਾਨਣ ਮੁਨਾਰੇ ਦਾ ਕੰਮ ਕਰ ਰਿਹਾ।ਸੰਤ ਰਾਮਾਨੰਦ ਜੀ ਨੂੰ ਸੰਤ ਗਰੀਬ ਦਾਸ ਜੀ ਦਾ ਅਕਸਰ ਵਜ਼ੀਰ ਕਿਹਾ ਜਾਂਦਾ। ਕਿਉਂਕਿ ਆਪ ਮਹਾਂਪੁਰਸ਼ਾਂ ਦੇ ਹਰ ਹੁਕਮ ਦੀ ਪਾਲਣਾ ਕਰਦੇ ਅਤੇ ਡੇਰੇ ਨੂੰ ਵਿਕਾਸ ਵੱਲ ਲਿਜਾਣ ਲਈ ਨਵੀਆਂ -ਨਵੀਆਂ ਵਿਉਂਤਾਂ ਬਣਾਉਂਦੇ ਅਤੇ ਉਸ ਨੂੰ ਕਾਮਯਾਬ ਵੀ ਕਰਦੇ। ਇਸੇ ਲਈ ਆਪ ਜੀ ਨੂੰ ਡੇਰੇ ਦੇ “ਕੁਸ਼ਲ ਪ੍ਰਬੰਧਕ “ ਵਜੋਂ ਵੀ ਜਾਣਿਆ ਜਾਂਦਾ। ਆਪ ਕਈ ਵਾਰੀ ਸੰਤ ਗਰੀਬ ਦਾਸ ਮਹਾਰਾਜ ਜੀ ਨਾਲ ਵਿਦੇਸ਼ ਵੀ ਗਏ। ਉਥੇ ਮਹਾਂਪੁਰਸ਼ਾਂ ਨੇ ਕਈ ਗੁਰੂ ਘਰਾਂ ਦੇ ਨੀਹ ਪੱਥਰ ਆਪਣੇ ਕਰ ਕਮਲਾਂ ਨਾਲ ਰੱਖੇ। ਸੰਤ ਗਰੀਬ ਦਾਸ ਮਹਾਰਾਜ ਜੀ ਦੀ ਸੰਸਾਰਕ ਯਾਤਰਾ ਤੋਂ ਬਾਅਦ ਸੰਤ ਨਿਰੰਜਣ ਦਾਸ ਮਹਾਰਾਜ ਜੀ ਨੇ ਡੇਰੇ ਦੀ ਵਾਂਗਡੋਰ ਨੂੰ ਸੰਭਾਲਿਆ। ਇਹਨਾਂ ਮਹਾਂਪੁਰਸ਼ਾਂ ਦੇ ਨਾਲ ਵੀ ਆਪ ਜੀ ਨੇ ਸੇਵਾਵਾਂ ਨਿਭਾਈਆਂ। ਸੰਤ ਨਿਰੰਜਨ ਦਾਸ ਮਹਾਰਾਜ ਜੀ ਨੇ ਵੀ ਆਪਣੇ ਗੁਰੂਆਂ ਦੇ ਦੱਸੇ ਹੋਏ ਉਪਦੇਸ਼ਾਂ ‘ਤੇ ਚੱਲਦਿਆਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਚਾਰ ਪ੍ਰਸਾਰ ਵਿੱਚ ਕੋਈ ਕਸਰ ਨਹੀਂ ਛੱਡੀ। ਸਗੋਂ ਇਸ ਨੂੰ ਮੰਜ਼ਿਲੇ ਮਕਸੂਦ ਤੱਕ ਪਹੁੰਚਾਉਣ ਲਈ ਅਨੇਕਾਂ ਯਤਨ ਕੀਤੇ ਅਤੇ ਹਮੇਸ਼ਾ ਕਰਦੇ ਰਹਿਣਗੇ। ਸੰਤ ਨਿਰੰਜਨ ਦਾਸ ਮਹਾਰਾਜ ਜੀ ਨੇ ਸੰਤ ਸਰਵਣ ਦਾਸ ਮਹਾਰਾਜ ਜੀ ਦੀ ਯਾਦ ਵਿੱਚ ਅੱਖਾਂ ਦਾ ਹਸਪਤਾਲ ਖੋਲ੍ਹਿਆ। ਜਿੱਥੋਂ ਲੱਖਾਂ ਦੀ ਗਿਣਤੀ ਵਿੱਚ ਮਰੀਜ਼ਾਂ ਨੂੰ ਰੋਸ਼ਨੀ ਨਾਲ ਨਵੀਂ ਜ਼ਿੰਦਗੀ ਮਿਲੀ ਹੈ। ਮਰੀਜ਼ ਹਰ ਵਕਤ ਸੰਤਾਂ ਦੇ ਪਰਉਪਕਾਰਾਂ ਦੀ ਗਾਥਾ ਗਾਉਂਦੇ ਹਨ। ਸੰਤ ਨਿਰੰਜਨ ਦਾਸ ਮਹਾਰਾਜ ਜੀ ਨੇ ਵਿੱਦਿਆ ਦੇ ਖੇਤਰ ਵਿੱਚ ਹਦੀਆਬਾਦ ਫਗਵਾੜੇ ‘ਚ ਸੀ.ਬੀ. ਐਸ .ਸੀ. ਸਕੂਲ ਖੋਲ੍ਹਿਆ, ਜਿੱਥੋਂ ਗਰੀਬ ਤੇ ਨਿਆਸਰੇ ਵਿਦਿਆਰਥੀ ਇੱਕ ਚੰਗੀ ਵਿੱਦਿਆ ਪ੍ਰਾਪਤ ਕਰਕੇ ਉੱਚ ਅਹੁਦਿਆਂ ‘ਤੇ ਪਹੁੰਚ ਚੁੱਕੇ ਹਨ। ਸ੍ਰੀ ਗੁਰੂ ਰਵਿਦਾਸ ਸਤਿਸੰਗ ਭਵਨ ਡੇਰੇ ਵਿਖੇ ਬਣਾਇਆ, ਜੋ ਏਸ਼ੀਆ ਵਿੱਚੋਂ ਇੱਕ ਨੰਬਰ ਹੈ। ਜਿੱਥੇ ਅੱਜ ਡੇਰੇ ਦੇ ਵੱਡੇ -ਵੱਡੇ ਸਮਾਗਮ ਕੀਤੇ ਜਾਂਦੇ ਹਨ।

ਬੇਗਮਪੁਰਾ ਪੱਤ੍ਰਕਾ ਲਗਾਤਾਰ ਆਪਣੀਆਂ ਸੇਵਾਵਾਂ ਦਿੰਦਾ ਹੋਇਆ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ, ਪ੍ਰਚਾਰ ਤੇ ਪ੍ਰਸਾਰ ਕਰਨ ਵਿੱਚ ਮੋਹਰੀ ਰਿਹਾ ਹੈ। ਸੰਤ ਨਿਰੰਜਨ ਦਾਸ ਮਹਾਰਾਜ ਜੀ ਦੀ ਸਰਪ੍ਰਸਤੀ ਹੇਠ ਸੀਰ ਗੋਵਰਧਨਪੁਰ, ਕਾਂਸ਼ੀ ਬਨਾਰਸ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜਨਮ ਸਥਲ ‘ਤੇ ਸੱਤ ਮੰਜ਼ਿਲਾਂ ਮੰਦਰ ਨੂੰ ਸੋਨੇ ਵਿੱਚ ਮੜਾਉਣਾ ਸ਼ੁਰੂ ਕੀਤਾ ਹੋਇਆ ਹੈ। ਸੋਨੇ ਦੀ ਪਾਲਕੀ ਦਾ ਸ਼ੁਭ ਉਦਘਾਟਨ ਮਹਾਂਪੁਰਸ਼ਾਂ ਨੇ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਜੀ ਤੋਂ ਕਰਵਾਇਆ। ਇਸ ਤੋਂ ਉਪਰੰਤ ਮੰਦਰ ‘ਤੇ ਸੋਨੇ ਦੇ ਕਲਸ਼ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਕਰ ਕਮਲਾਂ ਨਾਲ ਚੜ੍ਹਵਾਏ। ਕਾਂਸ਼ੀ ਯੂਨੀਵਰਸਿਟੀ ਦੇ ਸਾਹਮਣੇ ਇੱਕ ਵੱਡਾ ਗੇਟ ਬਣਾਇਆ, ਜਿਸ ਦਾ ਉਦਘਾਟਨ ਦੇਸ਼ ਦੇ ਸਾਬਕਾ ਰਾਸ਼ਟਰਪਤੀ ਸ੍ਰੀ ਆਰ. ਕੇ. ਨਰਾਇਣਨ , ਸਾਹਿਬ ਕਾਂਸ਼ੀ ਰਾਮ ਜੀ ਦੀ ਮੌਜੂਦਗੀ ਵਿੱਚ ਕਰਵਾਇਆ। ਜੋ ਇਕ ਇਤਿਹਾਸਿਕ ਕੰਮ ਹੈ।

ਸੰਤ ਰਾਮਾਨੰਦ ਜੀ ਦੀ ਸੋਚ ਸੀ ਕਿ ਜਿਸ ਤਰ੍ਹਾਂ ਹਰਿਮੰਦਰ ਸਾਹਿਬ ਨੂੰ ਸੋਨੇ ਵਿੱਚ ਮੜ੍ਹਿਆ ਗਿਆ ਹੈ। ਸਾਡੀ ਕੌਮ ਦਾ ਸ੍ਰੀ ਗੁਰੂ ਰਵਿਦਾਸ ਜਨਮ ਸਥੱਲ,ਤੀਰਥ ਅਸਥਾਨ ਕਾਂਸ਼ੀ ਵੀ ਸੋਨੇ ਵਿੱਚ ਮੜ੍ਹਿਆ ਜਾਣਾ ਚਾਹੀਦਾ ਹੈ। ਆਪ ਹਮੇਸ਼ਾ ਸ਼ਬਦਾਂ ਵਿੱਚ ਕਿਹਾ ਕਰਦੇ ਸਨ ਕਿ “ਚਲੋ ਬਨਾਰਸ ਸਾਧ ਸੰਗਤ ਜੀ ,ਇੱਕ ਇਤਿਹਾਸ ਰਚਾਉਣਾ ਹੈ ।ਗੁਰੂ ਰਵਿਦਾਸ ਜੀ ਦੇ ਮੰਦਰ ਨੂੰ ਸੋਨੇ ਵਿੱਚ ਮੜਾਉਣਾ ਹੈ ।”

ਅਜਿਹਾ ਕਾਰਜ ਕਹਿਣਾ ਬੜਾ ਸੌਖਾ ਹੁੰਦਾ ਹੈ ਪਰ ਇਸ ਨੂੰ ਕਰਨਾ ਬਹੁਤ ਔਖਾ ਹੈ ਪਰ ਸੰਤਾਂ ਦੇ ਸਦਕੇ ਜਾਈਏ ਉਹਨਾਂ ਇਹ ਅਸੰਭਵ ਕੰਮ ਵੀ ਸੰਗਤਾਂ ਅਤੇ ਵਿਦੇਸ਼ਾਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਇਸ ਨੂੰ ਵੀ ਨੇਪਰੇ ਚਾੜਨ ਦਾ ਟੀਚਾ ਮਿਥਿਆ ਹੋਇਆ। ਸ਼ਾਇਦ ਇਸੇ ਕਰਕੇ ਹੀ ਸੰਤ ਰਾਮਾਨੰਦ ਦੂਸਰਿਆਂ ਦੀਆਂ ਅੱਖਾਂ ਵਿੱਚ ਰੜਕਦੇ ਹੋਣਗੇ। ਉਹਨਾਂ ਜ਼ਾਲਮਾਂ ਨੇ ਵਿਆਨਾਂ ਦੀ ਧਰਤੀ ‘ਤੇ ਅੱਜ ਤੋਂ 16 ਸਾਲ ਪਹਿਲਾਂ 24 ਮਈ 2009 ਨੂੰ ਸੰਤ ਰਾਮਾਨੰਦ ਜੀ ਅਤੇ ਸੰਤ ਨਿਰੰਜਨ ਦਾਸ ਜੀ ‘ਤੇ ਕਾਤਲਾਨਾ ਹਮਲਾ ਕੀਤਾ, ਜਦੋਂ ਮਹਾਂਪੁਰਸ਼ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਸਨ । ਗੋਲੀਆਂ ਲੱਗਣ ਕਾਰਨ ਦੋਵੇਂ ਸੰਤ ਮਹਾਂਪੁਰਸ਼ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਸੰਤਾਂ ਨੂੰ ਤੁਰੰਤ ਵਿਆਨਾ ਦੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ।ਗਹਿਰੇ ਜ਼ਖਮਾਂ ਦੀ ਤਾਬ ਨੂੰ ਨਾ ਸਹਾਰਦੇ ਹੋਏ 25 ਮਈ 2009 ਨੂੰ ਸੰਤ ਰਾਮਾਨੰਦ ਜੀ ‘ਸਤਿਨਾਮ’ ਦਾ ਜਾਪ ਕਰਦੇ ਸ਼ਹਾਦਤ ਦਾ ਜਾਮ ਪੀ ਗਏ। ਭਾਵੇਂ ਸਰੀਰਕ ਤੌਰ ‘ਤੇ ਸੰਤ ਰਾਮਾਨੰਦ ਜੀ ਸਾਡੇ ਵਿਚਕਾਰ ਨਹੀਂ ਹਨ, ਪ੍ਰੰਤੂ ਉਹਨਾਂ ਦੀ ਵਿਚਾਰਧਾਰਾ , ਉਹਨਾਂ ਦੀ ਸੋਚ ਹਮੇਸ਼ਾ ਹੀ ਸਾਡੇ ਦਿਲਾਂ ਵਿੱਚ ਗੂੰਜਦੀ ਰਹੇਗੀ। ਉਹ ਸਾਨੂੰ ਹਮੇਸ਼ਾ ਹੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ, ਸਿੱਖਿਆਵਾਂ, ਬੇਗਮਪੁਰੇ ਦੀ ਸੋਚ, ਬਹੁਜਨ ਰਹਿਬਰਾਂ ਦੇ ਇਤਿਹਾਸ ਨੂੰ ਖੋਜਣ ਲਈ ਪ੍ਰੇਰਿਤ ਕਰਦੀ ਰਹੇਗੀ। ਸੰਤ ਰਾਮਾਨੰਦ ਜੀ ਦੇ ਜਾਣ ਤੋਂ ਬਾਅਦ ਰਵਿਦਾਸੀਆ ਧਰਮ ਅਤੇ ਅੰਮ੍ਰਿਤ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਹੋਂਦ ਵਿੱਚ ਆਈਆਂ। ਇਸ ਪਵਿੱਤਰ ਗ੍ਰੰਥ ਤੋਂ ਸਾਨੂੰ ਸੇਧ ਲੈਣ ਦੀ ਸਭ ਤੋਂ ਵੱਡੀ ਲੋੜ ਹੈ। ਇਸ ਨੂੰ ਪੜ੍ਹਨਾ ਹੀ ਸਭ ਕੁਝ ਨਹੀਂ, ਸਗੋਂ ਇਸ ਦੀ ਇੱਕ -ਇੱਕ ਤੁੱਕ(ਸ਼ਬਦ) ‘ਤੇ ਅਮਲ ਕੀਤਾ ਜਾਣਾ ਚਾਹੀਦਾ ਹੈ ਤਾਂ ਹੀ ਅਸੀਂ ਆਪਣੇ ਗੁਰੂਆਂ ਰਹਿਬਰਾਂ ਦੀ ਸੋਚ ‘ਤੇ ਪਹਿਰਾ ਦੇ ਸਕਾਂਗੇ ਤੇ ਆਪਣੀ ਆਉਣ ਵਾਲੀ ਪੀੜ੍ਹੀ ਲਈ ਇਤਿਹਾਸ ਪੜਨ ਲਈ ਦੇ ਕੇ ਜਾਵਾਂਗੇ। ਆਓ !ਅੱਜ ਆਪਾਂ ਸਾਰੇ ਰਲ ਮਿਲ ਕੇ ਸ਼ਹਿਦ ਦੀਆਂ ਮੱਖੀਆਂ ਵਾਂਗ ਇਕੱਠੇ ਹੋਈਏ। ਆਪਣੇ ਸਵਾਰਥਾਂ ਨੂੰ ਤਿਆਗਦੇ ਹੋਏ ਏਕੇ ਦਾ ਸਬੂਤ ਦਿੰਦੇ ਹੋਏ ਆਪਣੇ ਰਹਿਬਰਾਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਅਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਸੋਚ ਨੂੰ ਘਰ -ਘਰ ਪਹੁੰਚਾਉਣ ਲਈ ਉਪਰਾਲੇ ਕਰੀਏ। ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਈਏ ਅਤੇ ਸੰਤ ਰਾਮਾਨੰਦ ਜੀ ਦੀ ਸੋਚ ਨੂੰ ਸਿੱਜਦਾ ਕਰੀਏ।

-ਪ੍ਰਿੰਸੀਪਲ ਪਰਮਜੀਤ ਜੱਸਲ
ਡਾ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ ,
ਜਲੰਧਰ 98721 -80653 .

# DC ਗੁਰਦਾਸਪੁਰ ਨੇ ਨਸ਼ਾ ਮੁਕਤੀ ਯਾਤਰਾ ਸਬੰਧੀ ਅਧਿਕਾਰੀਆਂ ਤੇ ਜ਼ਿਲ੍ਹਾ ਤੇ ਹਲਕਾ ਕੋਆਰਡੀਨੇਟਰਾਂ ਨਾਲ ਅਹਿਮ ਮੀਟਿੰਗ ਕੀਤੀ

## - ਕਿਹਾ, ਨਸ਼ਾ ਮੁਕਤੀ ਯਾਤਰਾ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਜੋੜਿਆ ਜਾਵੇ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com




ਗੁਰਦਾਸਪੁਰ, 25 ਮਈ 2025 - ਡਿਪਟੀ ਕਮਿਸ਼ਨਰ ਗੁਰਦਾਸਪੁਰ ਸ੍ਰੀ ਦਲਵਿੰਦਰਜੀਤ ਸਿੰਘ ਵੱਲੋਂ ਅੱਜ ਸਥਾਨਕ ਪੰਚਾਇਤ ਭਵਨ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲਗਾਏ ਗਏ ਜ਼ਿਲ੍ਹਾ ਤੇ ਹਲਕਾ ਕੋਆਰਡੀਨੇਟਰਾਂ ਨਾਲ ਨਸ਼ਾ ਮੁਕਤੀ ਯਾਤਰਾ ਸਬੰਧੀ ਇੱਕ ਅਹਿਮ ਮੀਟਿੰਗ ਕੀਤੀ ਗਈ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਮੁਕਤੀ ਯਾਤਰਾ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਜੋੜਿਆ ਜਾਵੇ ਤਾਂ ਜੋ ਨਸ਼ਿਆਂ ਖ਼ਿਲਾਫ਼ ਲੋਕ ਲਹਿਰ ਖੜ੍ਹੀ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਤਹਿਤ ਕੀਤੀਆਂ ਜਾ ਰਹੀਆਂ ਮੀਟਿੰਗਾਂ ਦਾ ਮੰਤਵ ਪਿੰਡ ਰੱਖਿਆ ਕਮੇਟੀਆਂ ਅਤੇ ਵਾਰਡ ਰੱਖਿਆ ਕਮੇਟੀਆਂ ਦੇ ਮੈਂਬਰਾਂ ਅਤੇ ਆਮ ਲੋਕਾਂ ਨੂੰ ਨਸ਼ਾ ਤਸਕਰਾਂ ਦੀਆਂ ਗਤੀਵਿਧੀਆਂ ਜ਼ਿਲ੍ਹਾ ਪ੍ਰਸ਼ਾਸਨ ਤੱਕ ਪਹੁੰਚਾਉਣ, ਨਸ਼ਾ ਪੀੜਤਾਂ ਦੇ ਇਲਾਜ ਲਈ ਉਨ੍ਹਾਂ ਨੂੰ ਪ੍ਰੇਰ ਕੇ ਨਸ਼ਾ ਮੁਕਤੀ ਕੇਂਦਰਾਂ ਤੱਕ ਲਿਆਉਣ ਲਈ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਤਹਿਤ ਜ਼ਿਲ੍ਹੇ ਦੇ ਪਿੰਡਾਂ ਤੇ ਸ਼ਹਿਰਾਂ ਦੇ ਵਾਰਡਾਂ ਵਿੱਚ ਰੋਜ਼ਾਨਾ ਸ਼ਾਮ ਨੂੰ ਜਨਤਕ ਇਕੱਠ ਕੀਤੇ ਜਾ ਰਹੇ ਹਨ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਵੱਧ ਤੋਂ ਵੱਧ ਲੋਕ ਇਸ ਮੁਹਿੰਮ ਨਾਲ ਜੁੜਨ।

ਉਨ੍ਹਾਂ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਨਸ਼ਾ ਮੁਕਤੀ ਯਾਤਰਾ ਦੇ ਪ੍ਰੋਗਰਾਮ ਤੋਂ ਇੱਕ ਦਿਨ ਪਹਿਲਾਂ ਸਬੰਧਿਤ ਪਿੰਡ ਜਾਂ ਸ਼ਹਿਰ ਦੇ ਵਾਰਡ ਵਿੱਚ ਅਨਾਊਂਸਮੈਂਟ ਕੀਤੀ ਜਾਵੇ। ਇਸ ਦੇ ਨਾਲ ਹੀ ਨਸ਼ਾ ਮੁਕਤੀ ਯਾਤਰਾ ਮੌਕੇ ਹਾਜ਼ਰ ਵਿਅਕਤੀਆਂ ਨੂੰ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਬਣਾਈ ਪ੍ਰਚਾਰ ਸਮਗਰੀ ਵੰਡੀ ਜਾਵੇ। ਮੀਟਿੰਗ ਦੌਰਾਨ ਨਸ਼ਾ ਮੁਕਤੀ ਯਾਤਰਾ ਤਹਿਤ ਰੋਜ਼ਾਨਾਂ ਹੋ ਰਹੇ ਜਾਗਰੂਕਤਾ ਪ੍ਰੋਗਰਾਮਾਂ ਦੀ ਗਿਣਤੀ ਵਧਾਉਣ ਉੱਪਰ ਵੀ ਵਿਚਾਰ ਕੀਤਾ ਗਿਆ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਨਸ਼ਾ ਮੁਕਤੀ ਯਾਤਰਾ ਨੂੰ ਕਾਮਯਾਬ ਕਰਨ ਲਈ ਜ਼ਿਲ੍ਹਾ ਤੇ ਹਲਕਾ ਕੋਆਰਡੀਨੇਟਰਾਂ ਨਾਲ ਪੂਰਾ ਤਾਲਮੇਲ ਕੀਤਾ ਜਾ ਰਿਹਾ ਹੈ ਅਤੇ ਸਾਰਿਆਂ ਦੇ ਸਾਂਝੇ ਯਤਨਾਂ ਸਦਕਾ ਨਸ਼ਾ ਮੁਕਤੀ ਯਾਤਰਾ ਪ੍ਰੋਗਰਾਮ ਨੂੰ ਕਾਮਯਾਬ ਕੀਤਾ ਜਾਵੇਗਾ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਵਿੱਚ ਆਪਣਾ ਪੂਰਾ ਸਹਿਯੋਗ ਦੇਣ ਤਾਂ ਜੋ ਅਸੀਂ ਸਾਰੇ ਮਿਲ ਕੇ ਆਪਣੇ ਸੂਬੇ ਨੂੰ ਮੁੜ ਰੰਗਲਾ ਪੰਜਾਬ ਬਣਾ ਸਕੀਏ।

ਮੀਟਿੰਗ ਦੌਰਾਨ ਜ਼ਿਲ੍ਹਾ ਕੋਆਰਡੀਨੇਟਰ ਸ੍ਰੀ ਮਾਣਿਕ ਮਹਿਤਾ ਅਤੇ ਵੱਖ-ਵੱਖ ਹਲਕਿਆਂ ਦੇ ਕੋਆਰਡੀਨੇਟਰਾਂ ਵੱਲੋਂ ਆਪਣੇ ਕੀਮਤੀ ਸੁਝਾਅ ਤੇ ਵਿਚਾਰ ਰੱਖੇ ਗਏ। ਸ੍ਰੀ ਮਾਣਿਕ ਮਹਿਤਾ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਨਸ਼ਾ ਮੁਕਤੀ ਯਾਤਰਾ ਨੂੰ ਹੋਰ ਅਸਰਦਾਰ ਢੰਗ ਨਾਲ ਚਲਾਇਆ ਜਾਵੇਗਾ ਤਾਂ ਜੋ ਵੱਧ ਤੋਂ ਵੱਧ ਲੋਕਾਂ ਤੱਕ ਨਸ਼ਾ ਮੁਕਤ ਪੰਜਾਬ ਦਾ ਸੁਨੇਹਾ ਪਹੁੰਚਾਇਆ ਜਾ ਸਕੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਗੁਰਪ੍ਰੀਤ ਸਿੰਘ ਗਿੱਲ, ਐੱਸ.ਡੀ.ਐੱਮ. ਦੀਨਾਨਗਰ ਸ. ਜਸਪਿੰਦਰ ਸਿੰਘ ਭੁੱਲਰ, ਐੱਸ.ਡੀ.ਐੱਮ. ਗੁਰਦਾਸਪੁਰ ਸ. ਮਨਜੀਤ ਸਿੰਘ ਰਾਜਲਾ, ਐੱਸ.ਡੀ.ਐੱਮ. ਕਲਾਨੌਰ ਸ੍ਰੀਮਤੀ ਜਯੋਤਸਨਾ ਸਿੰਘ, ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ ਗੁਰਮੰਦਰ ਸਿੰਘ, ਐੱਸ.ਡੀ.ਐੱਮ. ਬਟਾਲਾ ਸ੍ਰੀ ਵਿਕਰਮਜੀਤ ਸਿੰਘ, ਸਹਾਇਕ ਸਿਵਲ ਸਰਜਨ ਡਾ. ਪ੍ਰਭਜੋਤ ਕੌਰ ਕਲਸੀ, ਸਕੱਤਰ ਜ਼ਿਲ੍ਹਾ ਪ੍ਰੀਸ਼ਦ ਜ਼ੀਨਤ ਖੈਹਿਰਾ, ਰਾਜੀਵ ਸਿੰਘ ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਤੋਂ ਇਲਾਵਾ ਵਿਧਾਨ ਸਭਾ ਹਲਕਾ ਬਟਾਲਾ ਦੇ ਕੋਆਰਡੀਨੇਟਰ ਮਨਜੀਤ ਸਿੰਘ ਬਮਰਾਹ, ਨੀਰਜ ਸਲਹੋਤਰਾ, ਕਰਮਜੀਤ ਸਿੰਘ, ਗੁਰਪ੍ਰੀਤ ਸਿੰਘ ਸੋਢੀ, ਹਨੀ ਚੌਹਾਨ, ਕਾਰਤਿਕ, ਅੰਮ੍ਰਿਤਪਾਲ ਸਿੰਘ, ਅਰਸ਼ਦੀਪ ਸਿੰਘ, ਕਰਮਜੀਤ ਸਿੰਘ ਅਤੇ ਦਵਿੰਦਰ ਸਿੰਘ (ਸਾਰੇ ਵਿਧਾਨ ਸਭਾ ਹਲਕਾ ਕੋਆਰਡੀਨੇਟਰ) ਵੀ ਹਾਜ਼ਰ ਸਨ।

# ਰਾਸ਼ਟਰੀ ਲੋਕ ਅਦਾਲਤ 'ਚ 19,436 ਮਾਮਲਿਆਂ ਦਾ ਮੌਕੇ 'ਤੇ ਕੀਤਾ ਗਿਆ ਨਿਪਟਾਰਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 25 ਮਈ INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ) ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵਲੋਂ ਪੰਜਾਬ ਸਟੇਟ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਅੱਜ ਜ਼ਿਲ੍ਹੇ ਵਿਚ ਸਾਲ ਦੀ ਦੂਜੀ ਰਾਸ਼ਟਰੀ ਲੋਕ ਅਦਾਲਤ ਲਗਾਈ ਗਈ। ਇਸ ਲੋਕ ਅਦਾਲਤ ਵਿਚ ਐਨ.ਆਈ ਐਕਟ ਤਹਿਤ ਸੈਕਸ਼ਨ 138 ਦੇ ਮਾਮਲੇ, (ਲੰਬਿਤ ਅਤੇ ਪ੍ਰੀ-ਲਿਟੀਗੇਸ਼ਨ ਬੈਂਕ ਰਿਕਵਰੀ ਮਾਮਲੇ ਅਤੇ ਲੇਬਰ ਵਿਵਾਦ ਮਾਮਲੇ), ਮੋਟਰ ਦੁਰਘਟਨਾਵਾਂ ਦੇ ਦਾਅਵੇ ਮਾਮਲੇ (ਐਸ ਏ ਸੀ ਟੀ), ਬਿਜਲੀ ਅਤੇ ਪਾਣੀ ਦੇ ਬਿੱਲ (ਗੈਰ-ਸਮਝੌਤਾ ਯੋਗ ਨੂੰ ਛੱਡ ਕੇ), ਵਿਵਾਹਕ ਵਿਵਾਦ, ਟਰੈਫਿਕ ਚਾਲਾਨ, ਮਾਲ ਮਾਮਲੇ ਅਤੇ ਹੋਰ ਸਿਵਲ, ਘੱਟ ਗੰਭੀਰ ਅਪਰਾਧਿਕ ਮਾਮਲੇ ਅਤੇ ਘਰੇਲੂ ਝਗੜੇ ਆਦਿ ਦੇ ਮਾਮਲੇ ਰੱਖੇ ਗਏ। ਇਹ ਲੋਕ ਅਦਾਲਤ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਾਜਿੰਦਰ ਅਗਰਵਾਲ ਦੀ ਯੋਗ ਅਗਵਾਈ ਲਗਾਈ ਗਈ। ਇਸ ਲੋਕ ਅਦਾਲਤ ਵਿਚ ਹੁਸ਼ਿਆਰਪੁਰ ਵਿਚ ਕੁੱਲ 19 ਬੈਂਚ ਬਣਾਏ ਗਏ, ਜਿਸ ਵਿਚ ਹੁਸ਼ਿਆਰਪੁਰ ਜੁਡੀਸ਼ੀਅਲ ਕੋਰਟ ਵਿਚ 8 ਬੈਂਚ, ਸਬ-ਡਵੀਜ਼ਨ ਦਸੂਹਾ ਵਿਚ 2 ਬੈਂਚ, ਮੁਕੇਰੀਆਂ ਵਿਚ 2 ਬੈਂਚ ਅਤੇ ਗੜ੍ਹਸ਼ੰਕਰ ਵਿਚ 2 ਬੈਂਚ ਅਤੇ ਮਾਲ ਕੋਰਟ ਵਿਚ 5 ਬੈਂਚਾਂ ਦਾ ਗਠਨ ਕੀਤਾ ਗਿਆ। ਜ਼ਿਲ੍ਹਾ ਹੁਸ਼ਿਆਰਪੁਰ ਦੀ ਲੋਕ ਅਦਾਲਤ ਵਿਚ 23,658 ਮਾਮਲਿਆਂ ਦੀ ਸੁਣਵਾਈ ਹੋਈ ਅਤੇ 19,436 ਮਾਮਲਿਆਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ, ਨਾਲ ਹੀ ਧਿਰਾਂ ਦੇ ਕੁੱਲ 8,870,264,341 ਰੁਪਏ ਦੇ ਅਵਾਰਡ ਪਾਸ ਕੀਤੇ ਗਏ। ਇਸ ਰਾਸ਼ਟਰੀ ਲੋਕ ਅਦਾਲਤ ਮੌਕੇ ਪੁਲਿਸ ਵਿਭਾਗ ਦੇ ਕਰਮਚਾਰੀਆਂ ਵਲੋਂ ਟਰੈਫਿਕ ਚਾਲਾਨ ਭੁਗਤਾਨ ਲਈ ਆਏ ਵਿਅਕਤੀਆਂ ਲਈ ਵਿਸ਼ੇਸ਼ ਹੈਲਪ ਡੈਸਕ ਲਗਾਏ ਗਏ ਤਾਂ ਜੋ ਅਦਾਲਤਾਂ ਵਿਚ ਲੱਗੇ ਟਰੈਫਿਕ ਚਾਲਾਨਾਂ ਦਾ ਆਸਾਨੀ ਨਾਲ ਭੁਗਤਾਨ ਕੀਤਾ ਜਾ ਸਕੇ। ਇਸ ਰਾਸ਼ਟਰੀ ਲੋਕ ਅਦਾਲਤ ਦੌਰਾਨ ਜ਼ਿਲ੍ਹੇ ਤੇ ਸੈਸ਼ਨ ਜੱਜ ਰਾਜਿੰਦਰ ਅਗਰਵਾਲ ਨਾਲ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਨੇ ਲੋਕ ਅਦਾਲਤ ਦੇ ਬੈਂਚਾਂ ਦਾ ਦੌਰਾ ਕੀਤਾ। ਇਸ ਲੋਕ ਅਦਾਲਤ ਨੂੰ ਬਿਹਤਰ ਢੰਗ ਨਾਲ ਮੁਕੰਮਲ ਕਰਨ ਲਈ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਵਲੋਂ ਪੂਰਨ ਸਹਿਯੋਗ ਦਿੱਤਾ ਗਿਆ। ਨੀਰਜ ਗੋਇਲ ਵਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਲੋਕ ਅਦਾਲਤਾਂ ਵਿਚ ਮਾਮਲੇ ਦਰਜ ਕਰਕੇ ਵੱਧ ਤੋਂ ਵੱਧ ਲਾਭ ਉਠਾਉਣ ਕਿਉਂਕਿ ਇਸ ਨਾਲ ਸਮੇਂ ਅਤੇ ਪੈਸੇ ਦੀ ਬੱਚਤ ਹੁੰਦੀ ਹੈ। ਲੋਕ ਅਦਾਲਤ ਵਿਚ ਲਏ ਗਏ ਫੈਸਲੇ ਅੰਤਿਮ ਹੁੰਦੇ ਹਨ ਅਤੇ ਇਸ ਦੇ ਖਿਲਾਫ਼ ਕੋਈ ਅਪੀਲ ਨਹੀਂ ਹੁੰਦੀ, ਇਸ ਨਾਲ ਦੋਵੇਂ ਧਿਰਾਂ ਵਿਚਕਾਰ ਆਪਸੀ ਪਿਆਰ ਵੱਧਦਾ ਹੈ।

# ਬਾਕੀ ਰਹਿੰਦੇ ਬੇਜ਼ਮੀਨੇ ਕਿਰਤੀ ਲੋਕ ਸਰਕਾਰ ਤੁਰੰਤ ਰਿਹਾ ਕਰੇ ਚਮਕੌਰ ਸਿੰਘ ਵੀਰ/ ਡਾ ਮੱਖਣ ਸਿੰਘ

## 27 ਮਈ ਨੂੰ ਜਲੰਧਰ ਵਿਖੇ ਬਸਪਾ ਦੀ ਸਟੇਟ ਪੱਧਰੀ ਵਿੱਚ ਇਸ ਮੁੱਦੇ ਤੇ ਹੋਵੇਗੀ ਵਿਸ਼ੇਸ਼ ਚਰਚਾ- ਚਮਕੌਰ ਸਿੰਘ ਵੀਰ/ ਡਾਕਟਰ ਮੱਖਣ ਸਿੰਘ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 25 ਮਈ INTERNATIONAL PAPER, 94636 01616 hardipchumber57@gmail.com



ਸੰਗਰੂਰ ( )ਬਹੁਜਨ ਸਮਾਜ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਚਮਕੌਰ ਸਿੰਘ ਵੀਰ ਅਤੇ ਡਾ ਮੱਖਣ ਸਿੰਘ ਸੀਨੀਅਰ ਬਸਪਾ ਆਗੂ ਪੰਜਾਬ ਨੇ ਸਾਂਝੇ ਤੌਰ ਤੇ ਕਿਹਾ ਕਿ 20 ਮਈ ਨੂੰ ਜੋ ਜਮੀਨ ਮੰਗ ਰਹੇ ਬੇਜਮੀਨੇ ਕਿਰਤੀ ਲੋਕਾਂ ਨੂੰ ਪੰਜਾਬ ਸਰਕਾਰ ਨੇ ਗ੍ਰਿਫਤਾਰ ਕਰਕੇ ਜੇਲਾਂ ਵਿੱਚ ਡੱਕ ਦਿੱਤਾ ਸੀ, ਬਹੁਜਨ ਸਮਾਜ ਪਾਰਟੀ ਤੋਂ ਬਿਨਾਂ ਇਹਨਾਂ ਕਿਰਤੀ ਕਾਮਿਆਂ ਦੇ ਹੱਕਾਂ ਲਈ ਕਾਂਗਰਸ, ਅਕਾਲੀ ਦਲ, ਭਾਜਪਾ, ਕਾਮਰੇਡਾਂ ਵੱਲੋਂ ਹਾਅ ਦਾ ਨਾਅਰਾ ਤੱਕ ਨਹੀਂ ਮਾਰਿਆ ਸਿਰਫ ਬਹੁਜਨ ਸਮਾਜ ਪਾਰਟੀ ਹੀ ਗਰੀਬਾਂ, ਮਜ਼ਦੂਰਾਂ ਦੇ ਹੱਕਾਂ ਲਈ ਖੜੀ ਹੈ, ਡਾ ਅਵਤਾਰ ਸਿੰਘ ਕਰੀਮਪੁਰੀ ਸੂਬਾ ਪ੍ਰਧਾਨ ਬਹੁਜਨ ਸਮਾਜ ਪਾਰਟੀ ਨੇ ਉਸੇ ਦਿਨ ਲਾਈਵ ਹੋ ਕੇ ਸਰਕਾਰ ਦੇ ਇਸ ਐਕਸ਼ਨ ਦੀ ਪੁਰਜੋਰ ਨਿਖੇਧੀ ਕੀਤੀ ਗਈ ਸੀ ਕਿ ਸਰਕਾਰ ਵੱਲੋਂ ਬੇਜ਼ਮੀਨੇ ਮਜ਼ਦੂਰਾਂ ਨੂੰ ਗਿਰਫਤਾਰ ਕਰਨਾ ਕਿਸੇ ਵੀ ਤਰ੍ਹਾਂ ਵਾਜਬ ਨਹੀਂ ਹੈ। ਬਸਪਾ ਨੇ 22 ਮਈ ਨੂੰ ਸਾਰੇ ਪੰਜਾਬ ਦੇ ਜ਼ਿਲ੍ਹਾ ਹੈਡਕੁਆਰਟਰਾਂ ਤੇ ਜਿੱਥੇ ਨਸ਼ੇ ਦੇ ਡਰੱਗ ਮਾਫੀਆ ਖਤਮ ਕਰਨ ਦੇ ਮੁੱਦੇ ਲਈ ਧਰਨੇ ਪ੍ਰਦਰਸ਼ਨ ਕੀਤੇ ਗਏ ਸਨ ਉੱਥੇ ਨਿਹੱਥੇ ਬੇਜ਼ਮੀਨੇ ਮਜ਼ਦੂਰਾਂ ਦੀ ਰਿਹਾਈ ਲਈ ਧਰਨਾ ਪ੍ਰਦਰਸ਼ਨ ਕੀਤੇ ਗਏ ਸਨ। ਇਸ ਤੋਂ ਬਾਅਦ 23 ਮਈ ਨੂੰ ਡਾ ਅਵਤਾਰ ਸਿੰਘ ਕਰੀਮਪੁਰੀ ਨੇ ਲੋਕ ਸਭਾ ਸੰਗਰੂਰ ਦੇ ਬਸਪਾ ਆਗੂਆਂ ਨੂੰ ਨਾਲ ਲੈ ਕੇ ਸ੍ਰੀ ਸੰਦੀਪ ਰਿਸ਼ੀ ਡਿਪਟੀ ਕਮਿਸ਼ਨਰ ਸੰਗਰੂਰ ਜੀ ਨੂੰ ਉਨਾਂ ਦੀ ਰਿਹਾਇਸ਼ ਤੇ ਇਸ ਗੰਭੀਰ ਮੁੱਦੇ ਤੇ ਖੁੱਲ ਕੇ ਚਰਚਾ ਕਰਕੇ ਮੈਮੋਰੰਡਮ ਦਿੱਤਾ ਸੀ ਕਿ ਇਹਨਾਂ ਬੇਮੀਨੇ ਲੋਕਾਂ ਨੂੰ ਬਿਨਾਂ ਸ਼ਰਤ ਅੱਜ ਹੀ ਰਿਹਾਅ ਕੀਤਾ ਜਾਵੇ ਅਤੇ ਇਹਨਾਂ ਉੱਪਰ ਸਰਕਾਰ ਵੱਲੋਂ ਪਾਏ ਗਏ ਪਰਚੇ ਰੱਦ ਕੀਤੇ ਜਾਣ ਇਸ ਸਬੰਧੀ ਉਹਨਾਂ ਮੈਮੋਰੰਡਮ ਦਿੱਤਾ ਸੀ, ਸਰਕਾਰ ਨੇ ਇਸ ਤੋਂ ਬਾਅਦ ਸੈਂਕੜਿਆਂ ਦੀ ਗਿਣਤੀ ਵਿੱਚ ਬਸਪਾ ਦੇ ਸੰਘਰਸ਼ ਦੇ ਦਬਾਅ ਕਾਰਨ ਬੇਜ਼ਮੀਨੇ ਮਜ਼ਦੂਰ ਰਿਹਾ ਕਰ ਦਿੱਤੇ ਪ੍ਰੰਤੂ ਹਾਲੇ ਵੀ ਸੈਂਕੜਿਆਂ ਦੀ ਗਿਣਤੀ ਦੇ ਪੰਜਾਬ ਵਿੱਚ ਬੇਜ਼ਮੀਨੇ ਮਜ਼ਦੂਰ ਵੱਖੋ ਵੱਖ ਜੇਲਾਂ ਵਿੱਚ ਬੰਦ ਹਨ, ਬਸਪਾ ਆਗੂਆਂ ਨੇ ਕਿਹਾ ਕਿ ਕਿ ਬਾਕੀ ਰਹਿੰਦੇ ਕਿਰਤੀ ਕਾਮਿਆਂ ਨੂੰ ਰਿਹਾ ਕਰਾਉਣ ਲਈ ਅਤੇ ਉਹਨਾਂ ਤੇ ਝੂਠੇ ਪਰਚੇ ਰੱਦ ਕਰਾਉਣ ਲਈ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਸੂਬਾ ਪ੍ਰਧਾਨ ਬਸਪਾ ਵੱਲੋਂ ਸ੍ਰ ਚਮਕੌਰ ਸਿੰਘ ਵੀਰ ਸੂਬਾ ਜਨਰਲ ਸਕੱਤਰ, ਲੈਕਚਰਾਰ ਅਮਰਜੀਤ ਸਿੰਘ ਜਲੂਰ ਜੋਨ ਇੰਚਾਰਜ ਪਟਿਆਲਾ, ਡਾ ਮੱਖਣ ਸਿੰਘ ਸੀਨੀਅਰ ਬਸਪਾ, ਸਤਿਗੁਰ ਸਿੰਘ ਕੌਹਰੀਆਂ ਜਿਲਾ ਪ੍ਰਧਾਨ ਸੰਗਰੂਰ, ਡਾ ਸਰਬਜੀਤ ਸਿੰਘ ਖੇੜੀ ਜਿਲਾ ਪ੍ਰਧਾਨ ਬਰਨਾਲਾ, ਸ੍ਰ ਜਗਤਾਰ ਸਿੰਘ ਨਾਰੀਕੇ ਜਿਲਾ ਪ੍ਰਧਾਨ ਮਲੇਰਕੋਟਲਾ ਦੀ ਡਿਊਟੀ ਲਗਾਈ ਹੈ ਕਿ ਡਿਪਟੀ ਕਮਿਸ਼ਨਰ ਸੰਗਰੂਰ ਅਤੇ ਐਸਐਸਪੀ ਸੰਗਰੂਰ ਨੂੰ ਇਹ ਡੈਪੂਟੇਸ਼ਨ ਮਿਲ ਕੇ ਉਹਨਾਂ ਪਾਸੋਂ ਮੁਕੰਮਲ ਰਿਪੋਰਟ ਪ੍ਰਾਪਤ ਕੀਤੀ ਜਾਵੇ ਕਿ ਕਿੰਨੇ ਕਿਰਤੀ ਕਾਮੇ ਗਿਰਫਤਾਰ ਕੀਤੇ ਸਨ ਕਿੰਨੇ ਸਾਥੀ ਹਾਲੇ ਰਿਹਾਅ ਹੋਣੇ ਰਹਿੰਦੇ ਹਨ। ਡਾ ਕਰੀਮਪੁਰੀ ਨੇ ਇਸ ਸਬੰਧੀ ਉਕਤ ਆਗੂਆਂ ਤੋਂ ਮੁਕੰਮਲ ਰਿਪੋਰਟ 27 ਮਈ ਦੀ ਸਟੇਟ ਬਾਡੀ ਦੀ ਮੀਟਿੰਗ ਵਿੱਚ ਲਿਆਉਣ ਲਈ ਕਿਹਾ ਹੈ ਤਾਂ ਜੋ ਇਸ ਤੇ ਸਟੇਟ ਬਾਡੀ ਵਿੱਚ ਵਿਚਾਰ ਕਰਕੇ ਅਗਲੀ ਰੂਪਰੇਖਾ ਤੈਹ ਕੀਤੀ ਜਾਵੇ। ਇਸ ਸਮੇ ਨਿਰਮਲ ਸਿੰਘ ਮੱਟੂ ਜ਼ਿਲ੍ਹਾ ਜਨਰਲ ਸਕੱਤਰ, ਪਵਿੱਤਰ ਸਿੰਘ ਸੰਯੋਜਕ ਸਕੱਤਰ, ਸੁਬੇਦਾਰ ਰਣਧੀਰ ਸਿੰਘ ਨਾਗਰਾ ਜਿਲਾ ਕੋਆਰਡੀਨੇਟਰ, ਮਿਠਾ ਸਿੰਘ ਬਾਲੀਆਂ ਸੈਕਟਰ ਪ੍ਰਧਾਨ, ਚਮਕੌਰ ਸਿੰਘ, ਬਲਵਿੰਦਰ ਸਿੰਘ, ਸਤਵਿੰਦਰ ਸਿੰਘ, ਬਲਵੀਰ ਸਿੰਘ, ਨਛੱਤਰ ਸਿੰਘ ਆਦਿ ਮੌਜੂਦ ਸਨ।

# ਮਾਨਵ ਸੇਵਾ ਵੈਲਫੇਅਰ ਯੂਥ ਯੁਵਕ ਸੇਵਾਵਾਂ ਕਲੱਬ ਰਜਿ ਖਨੌਰੀ ਖ਼ੁਰਦ ਦੇ ਪ੍ਰਧਾਨ ਕੋਮਲ ਮਲਿਕ ਨੇਂ ਪਿੰਡ ਖਨੌਰੀ ਖ਼ੁਰਦ ਦੀ ਐਂਟਰੀ ਤੇ ਮਿੰਨੀ ਛਾਂਦਾਰ ਅੱਡਾ ਬਣਾਉਣ ਲਈ

## ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਸਾਹਿਬ ਨੂੰ ਲਿੱਖੀ ਅਰਜ਼ੀ -ਕੋਮਲ ਮਲਿਕ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 25 ਮਈ INTERNATIONAL PAPER, 94636 01616 hardipchumber57@gmail.com

25ਮਈ 2025(ਬੇਅੰਤ ਸਿੰਘ ਰੋਹਟੀ ਖਾਸ) ਮਾਨਵ ਸੇਵਾ ਵੈਲਫੇਅਰ ਯੂਥ ਕਲੱਬ ਖਨੌਰੀ ਖੁਰਦ ਦੇ ਪ੍ਰਧਾਨ ਕੋਮਲ ਮਲਿਕ ਨੇਂ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਦੱਸਿਆ ਕਿ ਸਾਡੇ ਪਿੰਡ ਖਨੌਰੀ ਖੁਰਦ ਵਿਖੇ ਪਿੰਡ ਦੀ ਮੇਨ ਐਂਟਰੀ ਤੇ ਯਾਨਿ ਨਹਿਰ ਤੇ ਇਕ ਛੋਟਾ ਮਿੰਨੀ ਛਾਂਦਾਰ ਸ਼ੈਂਡ ਵਾਲਾ ਅੱਡਾ ਹੋਣਾ ਚਾਹੀਦਾ ਹੈ ਕਿਉਂਕਿ ਇਥੇ ਅਕਸਰ ਸੁਵੇਰੇ ਵੇਲੇ ਖ਼ਾਸ ਕਰ ਮੁੰਡੇ ਅਤੇ ਕੁੜੀਆਂ ਅਤੇ ਹੋਰ ਮਨਰੇਗਾ ਬੁਜ਼ਰਗ ਔਰਤਾਂ ਅਤੇ ਪੁਰਸ਼ ਬੱਸ ਅਤੇ ਹੋਰ ਨਿੱਜੀ ਸਵਾਰੀ ਵਾਲੇ ਸਾਧਨਾਂ ਦਾ ਇੰਤਜਾਰ ਕਰਨ ਲਈ ਖੜ੍ਹੇ ਰਹਿੰਦੇ ਹਨ। ਅਜਿਹੇ ਚ ਇਥੇ ਧੁੱਪ ਮੀਂਹ-ਕਣੀ ਵਿੱਚ ਇਥੇ ਖੜ੍ਹਨਾ ਬਹੁਤ ਔਖਾ ਹੁੰਦਾ ਹੈ। ਇਸਤੇ ਇਲਾਵਾਂ ਇਥੇ ਕਿਸੇ ਵੀ ਪ੍ਰਕਾਰ ਦੀ ਬੈਠਣ ਦੀ ਵਿਵਸਥਾਂ ਨਹੀਂ ਹੈ। ਇਸ ਨੂੰ ਦੇਖਦੇ ਹੋਏ ਮਾਨਵ ਸੇਵਾ ਵੈਲਫੇਅਰ ਯੂਥ ਕਲੱਬ ਦੇ ਪ੍ਰਧਾਨ ਕੋਮਲ ਮਲਿਕ ਨੇਂ ਹਲਕੇ ਦੇ ਇਮਾਨਦਾਰ ਅਤੇ ਸੁਝਵਾਨ ਕੈਬਨਿਟ ਮੰਤਰੀ ਪੰਜਾਬ ਸ੍ਰੀ ਬਰਿੰਦਰ ਕੁਮਾਰ ਗੋਇਲ ਸਾਹਿਬ ਜੀ ਨੂੰ ਇੱਕ ਲਿਖ਼ਤੀ ਪੱਤਰ ਲਿਖਿਆ। ਤਾਂ ਜ਼ੋ ਇੱਥੇ ਮਿੰਨੀ ਬੱਸ ਅੱਡਾ ਬਣ ਸਕੇ।ਜਿਸਤੇ ਸਾਨੂੰ ਪੂਰਾ ਮਾਨ ਅਤੇ ਯਕੀਨ ਹੈ ਕਿ ਓਹ ਸਾਡੀ ਇਸ ਅਰਜ਼ ਨੂੰ ਜ਼ਰੂਰ ਪੂਰਾ ਕਰਨਗੇ ਅਤੇ ਮਿੰਨੀ ਅੱਡੇ ਲਈ ਗ੍ਰਾਂਟ ਜ਼ਰੂਰ ਜਾਰੀ



ਕਰਨਗੇ। ਇਸ ਲਈ ਮਾਨਵ ਸੇਵਾ ਵੈਲਫੇਅਰ ਯੂਥ ਕਲੱਬ ਖਨੌਰੀ ਖੁਰਦ ਅਤੇ ਸਮੂਹ ਪਿੰਡ ਵਾਸੀ ਹਮੇਸ਼ਾ ਲਈ ਸ਼ੁਕਰਗੁਜ਼ਾਰ ਰਹਿਣਗੇ।

# ਯੁੱਧ ਨਸ਼ਿਆਂ ਵਿਰੁੱਧ': ਨਸ਼ਿਆਂ ਖਿਲਾਫ਼ ਪੰਜਾਬ ਸਰਕਾਰ ਦੀ ਮੁਹਿੰਮ ਨੂੰ ਮਿਲ ਰਿਹੈ ਲੋਕਾਂ ਦਾ ਸਮਰਥਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 25 ਮਈ INTERNATIONAL PAPER, 94636 01616 hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵਲੋਂ ਚਲਾਈ ਜਾ ਰਹੀ ਨਸ਼ਾ ਮੁਕਤੀ ਮੁਹਿੰਮ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਾਰੇ ਵਿਧਾਨ ਸਭਾ ਹਲਕਿਆਂ ਵਿਚ ਭਾਰੀ ਲੋਕ ਸਮਰਥਨ ਮਿਲ ਰਿਹਾ ਹੈ। ਜ਼ਿਲ੍ਹੇ ਭਰ ਵਿਚ ਕਰਵਾਈਆਂ ਜਾ ਰਹੀਆਂ ਨਸ਼ਾ ਵਿਰੋਧੀ ਯਾਤਰਾਵਾਂ ਵਿਚ ਸਥਾਨਕ ਵਿਧਾਇਕਾਂ, ਪ੍ਰਸ਼ਾਸਨਿਕ ਅਧਿਕਾਰੀਆਂ, ਸਮਾਜਿਕ ਸੰਗਠਨਾਂ, ਨੌਜਵਾਨਾਂ ਅਤੇ ਨਾਗਰਿਕਾਂ ਨੇ ਉਤਸ਼ਾਹਪੂਰਵਕ ਹਿੱਸਾ ਲਿਆ। ਸ਼ਾਮਚੁਰਾਸੀ ਵਿਧਾਨ ਸਭਾ ਹਲਕੇ ਵਿਚ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਦੀ ਅਗਵਾਈ ਵਿਚ ਚੱਕ ਗੁਜਰਾਂ, ਢੱਕੀ ਅਤੇ ਬਸੀ ਕਾਲੇ ਖਾਂ ਵਿਚ ਨਸ਼ਾ ਮੁਕਤੀ ਪ੍ਰੋਗਰਾਮ ਕਰਵਾਏ ਗਏ ਜਿਸ ਵਿਚ ਵੱਡੀ ਗਿਣਤੀ ਵਿਚ ਪਿੰਡ ਵਾਸੀਆਂ ਨੇ ਹਿੱਸਾ ਲੈ ਕੇ ਨਸ਼ੇ ਖਿਲਾਫ਼ ਇਕਜੁਟਤਾ ਦਿਖਾਈ। ਚੱਬੇਵਾਲ ਵਿਧਾਨ ਸਭਾ ਹਲਕੇ ਵਿਚ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਚਾਂਸੂ ਬ੍ਰਾਹਮਣਾਂ, ਖੰਨੀ ਅਤੇ ਰਾਮਪੁਰ ਪਿੰਡਾਂ ਵਿਚ ਯਾਤਰਾਵਾਂ ਦੀ ਅਗਵਾਈ ਕੀਤੀ ਅਤੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ। ਗੜ੍ਹਸ਼ੰਕਰ ਵਿਚ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਨੇ ਵਾਹਿਦਪੁਰ, ਚਾਹਲਪੁਰ ਅਤੇ ਮੋਰਾਂਵਾਲ ਪਿੰਡਾਂ ਵਿਚ ਜਾਗਰੂਕਤਾ ਪ੍ਰੋਗਰਾਮ ਕਰਵਾ ਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਗਈ। ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅਲਾਹਾਬਾਦ, ਬਜਵਾੜਾ ਅਤੇ ਹਰਕ੍ਰਿਸ਼ਨ ਨਗਰ ਵਿਚ ਰੈਲੀ ਕੱਢ ਕੇ ਆਮ ਜਨਤਾ ਨੂੰ ਨਸ਼ਿਆਂ ਖਿਲਾਫ਼ ਇਕਜੁਟ ਹੋਣ ਦੀ ਅਪੀਲ ਕੀਤੀ। ਉੜਮੁੜ ਟਾਂਡਾ ਹਲਕੇ ਵਿਚ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਕੋਈ, ਬਰੂਹੀ ਅਤੇ ਨਰੂੜ ਵਿਚ ਜਾਗਰੂਕਤਾ ਰੈਲੀਆਂ ਕੀਤੀਆਂ। ਦਸੂਹਾ ਵਿਚ ਵਿਧਾਇਕ ਕਰਮਬੀਰ ਸਿੰਘ ਘੁੰਮਣ ਨੇ ਕਾਕੋਆ, ਭਟੋਲੀ ਅਤੇ ਰਛਪਾਲਵਾਂ ਵਿਚ ਯਾਤਰਾਵਾਂ ਕੱਢੀਆਂ ਗਈਆਂ। ਮੁਕੇਰੀਆਂ ਵਿਚ ਹਲਕਾ ਇੰਚਾਰਜ ਪ੍ਰੋ: ਜੀ.ਐਸ. ਮੁਲਤਾਨੀ ਨੇ ਡਗਰੀ ਰਾਜਪੂਤਾਂ, ਸੁਲੈਹਰਿਆ ਖੁਰਦ ਅਤੇ ਟਾਂਡਾ ਰਾਮ ਸਹਾਏ ਵਿਚ ਨਸ਼ਾ ਵਿਰੋਧੀ ਮੁਹਿੰਮ ਦੀ ਅਗਵਾਈ ਕੀਤੀ।ਜਨਤਕ ਨੁਮਾਇੰਦਿਆਂ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਵਚਨਬੱਧ ਹੈ ਅਤੇ ਇਹ ਮੁਹਿੰਮ ਉਦੋਂ ਤੱਕ ਜਾਰੀ ਰਹੇਗੀ ਜਦ ਤੱਕ ਸਮਾਜ ਨੂੰ ਨਸ਼ਿਆਂ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਕਰ ਦਿੱਤਾ ਜਾਂਦਾ। ਉਨ੍ਹਾਂ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਅਤੇ ਆਪਣੇ ਹਲਕੇ ਨੂੰ ਨਸ਼ਾ ਮੁਕਤ ਬਣਾਉਣ ਵਿਚ ਸਹਿਯੋਗ ਕਰਨ।

# ਭਾਰਤ ਚਾਰ ਖਰਬ ਡਾਲਰ ਨਾਲ ਚੌਥਾ ਸਭ ਤੋਂ ਵੱਡਾ ਅਰਥਚਾਰਾ ਬਣਿਆ: ਨੀਤੀ ਆਯੋਗ ਸੀਈਓ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 25 ਮਈ INTERNATIONAL PAPER, 94636 01616 hardipchumber57@gmail.com

ਭਾਰਤ ਦੁਨੀਆ ਦਾ ਚੌਥਾ ਸਭ ਤੋਂ ਵੱਡਾ ਅਰਥਚਾਰਾ ਬਣ ਗਿਆ ਹੈ।

'ਵਿਕਸਤ ਭਾਰਤ 2047 ਲਈ ਵਿਕਸਤ ਸੂਬਾ' ਬਾਰੇ 10ਵੀਂ ਨੀਤੀ ਆਯੋਗ ਗਵਰਨਿੰਗ ਕਾਊਂਸਿਲ ਦੀ ਮੀਟਿੰਗ ਦੀ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਸੁਬਰਾਮਣੀਅਮ ਨੇ ਕਿਹਾ ਕਿ ਭਾਰਤ ਦਾ ਅਰਥਚਾਰਾ ਚਾਰ ਖਰਬ ਅਮਰੀਕੀ ਡਾਲਰ ਦੇ ਅੰਕੜੇ ਤੱਕ ਪਹੁੰਚ ਗਿਆ ਹੈ। ਉਨ੍ਹਾਂ ਕਿਹਾ, ''ਮੈਂ ਜਦੋਂ ਇਹ ਕਹਿ ਰਿਹਾ ਹਾਂ, ਤਾਂ ਅਸੀਂ ਚਾਰ ਖਰਬ ਅਮਰੀਕੀ ਡਾਲਰ ਦਾ ਅਰਥਚਾਰਾ ਹਾਂ, ਅਤੇ ਇਹ ਮੇਰਾ ਡੇਟਾ ਨਹੀਂ ਹੈ। ਇਹ ਕੌਮਾਂਤਰੀ ਮੁਦਰਾ ਫੰਡ (ਆਈਐੱਮਐੱਫ) ਦਾ ਡੇਟਾ ਹੈ। ਅੱਜ ਭਾਰਤ, ਜਪਾਨ ਨਾਲੋਂ ਵੱਡਾ ਅਰਥਚਾਰਾ ਹੈ। ਭਾਰਤ ਨਾਲੋਂ ਵੱਡੇ ਅਰਥਚਾਰਿਆਂ ਵਿੱਚ ਸਿਰਫ਼ ਅਮਰੀਕਾ, ਚੀਨ ਤੇ ਜਰਮਨੀ ਸ਼ਾਮਲ ਹਨ ਅਤੇ ਜੇਕਰ ਅਸੀਂ ਆਪਣੀ ਯੋਜਨਾ ਅਤੇ ਸੋਚ-ਵਿਚਾਰ 'ਤੇ ਟਿਕੇ ਰਹਿੰਦੇ ਹਾਂ, ਤਾਂ ਇਹ ਅਗਲੇ ਦੋ-ਢਾਈ ਤੋਂ ਲੈ ਕੇ ਤਿੰਨ ਸਾਲਾਂ ਦੀ ਗੱਲ ਹੈ; ਅਸੀਂ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣ ਜਾਵਾਂਗੇ।''

# ਹਰ ਵਿਅਕਤੀ ਤੰਦਰੁਸਤ ਰਹੇ ਦਾ ਸੰਦੇਸ਼- ਪ੍ਰਤੀ ਸਮਾਗਮ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ INTERNATIONAL PAPER, 94636 01616 hardipchumber57@gmail.com




ਲੁ ਧਿ ਆ ਣਾ (ਗੁਰਦੀਪ ਸਿੰਘ) ਅੱਜ ਦੇਵਕੀ ਦੇਵੀ ਜੈਨ ਮੈਮੋਰੀਅਲ ਕਾਲਜ ਫਾਰ ਵੋਮੇਨ ਦੇ ਬਾਹਰ ਵਿਸ਼ਾਲ ਪਾਰਕ ਵਿੱਚ ਹਰ ਵਿਅਕਤੀ ਤੰਦਰੁਸਤ ਰਹੇ ਦੇ ਥੀਮ ਨਾਲ ਮੁਸਕਰਾਉਦੀ ਜਿੰਦਗੀ ਫਾਉਂਡੇਸ਼ਨ ਦੇ ਪ੍ਰਧਾਨ ਸੁਰੇਸ਼ ਦੁਪਰ ਦੀ ਅਗਵਾਈ ਵਿੱਚ ਵਿਸ਼ਾਲ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਕਈ ਤਰਾਂ ਦੀ ਕਸਰਤ ਕੀਤੀ ਗਈ। ਡਾਂਸ ਵੀ ਕੀਤੇ ਗਏ। ਇਸ ਸਮੇਂ ਸੈਂਕੜੇ ਵਿਅਕਤੀ ਜੋ ਦਰਸ਼ਕ ਸਨ ਭਜਨ ਤੇ ਗੀਤ ਦੀ ਤਾਲ ਨਾਲ ਡਾਂਸ ਕਰਦੇ ਰਹੇ। ਬਹੁਤ ਵਧੀਆ ਕਈ ਤਰ੍ਹਾਂ ਦੀ ਕਸਰਤ ਕੀਤੀ। ਇਸ ਵਿੱਚ ਬੁਲਾਰਿਆਂ ਨੇ ਦੱਸਿਆ ਕਿ ਸਵੇਰ ਦੇ ਸਮੇਂ ਸ਼ੁਧ ਹਵਾ ਦੇ ਵਿੱਚ ਕਸਰਤ ਕਰਨਾ ਸਿਹਤ ਦੇ ਲਈ ਬਹੁਤ ਫਾਇਦੇਮੰਦ ਹੈ। ਅਜੋਕੇ ਸਮੇਂ ਦੇ ਵਿੱਚ ਜਦਕਿ ਵਾਤਾਵਰਣ ਬਹੁਤ ਪਰਦੂਸ਼ਿਤ ਹੋ ਗਿਆ ਹੈ ਹਰ ਵਿਅਕਤੀ ਨੂੰ ਚਾਹੀਦਾ ਹੈ ,ਕਿ ਸਵੇਰ ਵੇਲੇ ਪਾਰਕਾਂ ਵਿੱਚ ਜਾਂ ਖੁੱਲੀ ਜਗ੍ਹਾ ਜਾ ਕੇ ਡੂੰਘੇ ਸਾਹ ਲਵੇ, ਕਸਰਤ ਕਰੇ , ਆਪਣੀ ਸਿਹਤ ਦਾ ਖਿਆਲ ਰੱਖੇ।ਇਹ ਜਗ੍ਹਾ ਹੁਣ ਇੱਕ ਪਿਕਨਿਕ ਸਪੋਟ ਬਣ ਗਈ ਹੈ। ਇਥੇ ਇਕ ਜੋੜੇ ਨੇ ਆਪਣੀ ਐਨੀਵਰਸਰੀ ਵੀ ਮਨਾਈ। ਸੁਰੇਸ਼ ਦੁਪਰ ਨੇ ਦੱਸਿਆ ਕਿ ਇਸ ਸਪਾਟ ਤੇ ਕਈ ਲੋਕ ਸਮੇਤ ਬੱਚਿਆਂ ਦੇ ਆ ਕੇ ਜਨਮਦਿਨ ਮਨਾਉਂਦੇ ਹਨ , ਤੇ ਬਹੁਤ ਰੌਣਕਾਂ ਲੱਗਦੀਆਂ ਹਨ। ਇਸ ਮੌਕੇ ਮੁਸਕਰਾਂਉਦੀ ਜਿੰਦਗੀ ਫਾਊਂਡੇਸ਼ਨ ਪ੍ਰਧਾਨ = ਸੁਰੇਸ਼ ਦੁੱਪਰ ,ਕ੍ਰਾਂਤੀ ਕੀਰਤੀ ਮੈਡਮ ,ਪਰਵੀਨ ਜੀ, ਰਿੰਕੂ ,ਚੀਨੂ ਬਤਰਾ , ਹੈਪੀ ਜੀ , ਮੀਨਾ ਜੀ, ਵੀਨਾ ,ਪਵਨ ਬਾਂਸਲ,ਵੀਨਾ ਰਾਣੀ ਇਸ ਤੋਂ ਇਲਾਵਾ ਸੈਂਕੜੇ ਦਰਸ਼ਕ ਮੌਜੂਦ ਸਨ।

# ਗਰੀਬ ਮਨਰੇਗਾ ਮਜ਼ਦੂਰਾਂ ਦੇ ਗੁਜਰਾਤ ਦੇ ਮੰਤਰੀ ਦੇ ਬੇਟਿਆਂ ਨੇ 71 ਕਰੋੜ ਰੁਪਏ ਹੜੱਪੇ, ਸੀਟੂ

## ਭਾਜਪਾ ਦੇ ਪੰਚਾਇਤ ਮੰਤਰੀ ਬੱਬੂ ਭਾਈ ਖਵਾਦ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਕਰੋ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ INTERNATIONAL PAPER, 94636 01616 hardipchumber57@gmail.com



ਜਗਤਾਰ ਸਿੰਘ ਰੋੜੇਵਾਲ -- ਗੁਜਰਾਤ ਦੀ ਭਾਜਪਾ ਸਰਕਾਰ ਦੇ ਪੰਚਾਇਤ ਮੰਤਰੀ ਬੱਬੂ ਭਾਈ ਖਵਾਦ ਦੇ ਪੁੱਤਰਾਂ ਬਲਵੰਤ ਸਿੰਘ ਖਵਾਦ ਤੇ ਕਿਰਨ ਖਵਾਦ ਉਸ ਸਮੇਂ ਗਿਰਫ਼ਤਾਰ ਕੀਤਾ ਗਿਆ ਜਦੋਂ ਉਹ ਗੁਆਂਢੀ ਰਾਜ ਵਿੱਚ ਦਾਖਲ ਹੋਣ ਜਾ ਰਹੇ ਸਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਇੱਥੇ ਪਿੰਡ ਰੁਪਾਲੋਂ ਵਿਖੇ ਮਨਰੇਗਾ ਮਜ਼ਦੂਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਟੂ ਪੰਜਾਬ ਦੇ ਸੂਬਾ ਸਕੱਤਰ ਅਤੇ ਮਨਰੇਗਾ ਮਜ਼ਦੂਰ ਯੂਨੀਅਨ ਦੇ ਸੁਬਾਈ ਜਰਨਲ ਸਕੱਤਰ ਸਾਥੀ ਅਮਰ ਨਾਥ ਕੁੰਮਕਲਾਂ ਨੇ ਕੀਤਾ। ਉਨ੍ਹਾਂ ਦੱਸਿਆ ਕਿ ਭਾਜਪਾ ਮੰਤਰੀ ਦੇ ਦੋਵੇਂ ਪੁੱਤਰਾਂ ਨੇ ਜਾਅਲੀ ਨਾਮਾਂ ਤੇ ਕੰਪਨੀਆਂ ਰਜਿਸਟਰਡ ਕਰਵਾ ਕੇ ਮਨਰੇਗਾ ਦੇ ਕੰਮਾਂ ਲਈ ਮਟੀਰੀਅਲ ਬੀ.ਡੀ.ਪੀ.ਓ. ਦਫਤਰਾਂ ਵਿਚ ਸਪਲਾਈ ਕਰਦੇ ਸਨ। ਉਨ੍ਹਾਂ ਨਾਲ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਦੀ ਮਿਲੀਭੁਗਤ ਸੀ। ਵਿਭਾਗ ਦੇ ਵਿਕਟੋਮਾਈਜ ਹੋਏ ਅਧਿਕਾਰੀਆਂ ਦੀ ਸ਼ਿਕਾਇਤ ਤੇ ਵਿਜੀਲੈਂਸ ਅਧਿਕਾਰੀਆਂ ਨੇ ਉਨ੍ਹਾਂ ਖਿਲਾਫ ਪੜਤਾਲ ਕੀਤੀ।ਜਿਸ ਵਿਚ 2021 ਤੋਂ 2024 ਤੱਕ ਦੇ ਸਮੇਂ ਦੀ ਪੰਚਾਇਤ ਮੰਤਰੀ ਦੇ ਦੋਵੇਂ ਪੁੱਤਰਾਂ ਦੀ 71 ਕਰੋੜ ਰੁਪਏ ਦੀ ਜਾਅਲੀ ਪੇਮੈਂਟਸ ਸਾਬਤ ਹੋ ਜਾਣ ਤੋਂ ਭਾਜਪਾ ਮੰਤਰੀ ਦੇ ਦੋਵੇਂ ਪੁੱਤਰ ਭਗੌੜੇ ਹੋ ਕੇ ਲੁਕਦੇ ਫਿਰਦੇ ਸਨ। ਪੁਲਿਸ ਅਧਿਕਾਰੀਆਂ ਨੇ ਬੜੀ ਫੁਰਤੀ ਦਿਖਾਈ ਤੇ ਦੋਵੇਂ ਪੁੱਤਰਾਂ ਨੂੰ ਗ੍ਰਿਫਤਾਰ ਕਰ ਲਿਆ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਸੀਟੂ ਬਲਾਕ ਸਮਰਾਲਾ, ਖੰਨਾ ਦੇ ਆਗੂਆਂ ਸਾਥੀ ਕਰਮਜੀਤ ਸਿੰਘ ਭੌਰਲਾ , ਸਾਥੀ ਜਗਵੀਰ ਸਿੰਘ ਇਕੋਲਾਹੀ , ਕੁਲਦੀਪ ਕੌਰ ਹਰਬੰਸਪੁਰਾ ਨੇ ਕਿਹਾ ਕਿ ਮਨਰੇਗਾ ਕੰਮਾਂ ਲਈ ਬਜਟ ਘਟ ਹੋਣ ਕਰਕੇ ਮਜ਼ਦੂਰਾਂ ਨੂੰ ਸਾਲ ਦੌਰਾਨ ਕਨੂੰਨ ਮੁਤਾਬਕ ਕੰਮ ਨਹੀਂ ਦਿੱਤਾ ਜਾ ਰਿਹਾ। ਮਜ਼ਦੂਰਾਂ ਲਈ ਕੰਮ ਕਰਨ ਲਈ ਅਜੌਰ ਖੁਰਪਾ,ਕਹੀ, ਬੱਠਲ, ਹੱਥ ਵਿਚ ਪਾਉਣ ਲਈ ਗਲਬਜ ਆਦਿ ਨਹੀਂ ਦਿੱਤੇ ਜਾ ਰਹੇ। ਕੰਮ ਵਾਲੀ ਥਾਂ ਤੇ ਫਸਟ ਏਡ ਬਾਕਸ ਦਾ ਕੋਈ ਪ੍ਰਬੰਧ ਨਹੀਂ, ਮਜ਼ਦੂਰਾਂ ਨੂੰ ਕੀਤੇ ਕੰਮ ਦੀ ਪੇਮੈਂਟ ਲੈਣ ਲਈ ਮਹੀਨਿਆਂ ਬੱਧੀ ਸੰਘਰਸ਼ ਕਰਨਾ ਪੈਂਦਾ ਹੈ। ਦੂਜੇ ਪਾਸੇ ਇਹੋ ਜਿਹੇ ਭ੍ਰਿਸ਼ਟ ਮੰਤਰੀ ਆਪਣੇ ਬੱਚਿਆਂ ਤੋਂ ਦੋਵੇਂ ਹੱਥੀ ਗਰੀਬਾਂ ਦੀ ਲੁੱਟ ਕਰਵਾ ਰਹੇ ਹਨ। ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਸੀਟੂ ਦੇ ਆਗੂਆਂ ਨੇ ਮੰਗ ਕੀਤੀ ਹੈ ਕਿ ਮਨਰੇਗਾ ਦਾ ਕਰੋੜਾਂ ਰੁਪਏ ਹੜੱਪਣ ਵਾਲੇ ਪੰਚਾਇਤ ਮੰਤਰੀ ਤੇ ਉਸਦੇ ਪੁੱਤਰਾਂ ਨਾਲ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਕੀਤਾ ਜਾਵੇ। ਇਸ ਵਿਸ਼ਾਲ ਮੀਟਿੰਗ ਦੀ ਅਗਵਾਈ ਸੁਰਜੀਤ ਸਿੰਘ, ਭੁਪਿੰਦਰ ਸਿੰਘ, ਗੁਰਜੀਤ ਕੌਰ, ਮਨਪ੍ਰੀਤ ਕੌਰ,ਜਾਗਰ ਸਿੰਘ, ਗੁਰਪ੍ਰੀਤ ਕੌਰ, ਸ਼ਿੰਗਾਰ ਸਿੰਘ , ਕੁਲਵਿੰਦਰ ਸਿੰਘ,ਸਰਬਨ ਸਿੰਘ, ਹਰਜੀਤ ਸਿੰਘ ਆਦਿ ਨੇ ਕੀਤੀ।

# 55 ਪਿੰਡਾਂ ਦੇ 65 ਹਜ਼ਾਰ ਏਕੜ ਰਕਬੇ ਨੂੰ 50 ਸਾਲ ਬਾਅਦ ਮਿਲੇਗਾ ਨਹਿਰੀ ਪਾਣੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ INTERNATIONAL PAPER, 94636 01616 hardipchumber57@gmail.com



ਦਲਜੀਤ ਕੌਰ

ਲਹਿਰਾਗਾਗਾ, 25 ਮਈ, 2025: ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੇ ਸੁਪਨੇ, ਕਿ ਸੂਬੇ ਦੇ ਹਰੇਕ ਖੇਤ ਨੂੰ ਨਹਿਰੀ ਪਾਣੀ ਨਾਲ ਜੋੜਿਆ ਜਾਵੇ, ਨੂੰ ਪੂਰਾ ਕਰਨ ਵੱਲ ਇਕ ਕਦਮ ਹੋਰ ਅੱਗੇ ਵਧਾਉਂਦਿਆਂ ਕਰਮਗੜ੍ਹ ਲਿੰਕ 2 ਨਹਿਰ ਵਿੱਚੋਂ ਨਿਕਲਣ ਵਾਲੇ ਮਾਈਨਰ ਨੰਬਰ 3 ਨੂੰ ਚਾਲੂ ਕਰ ਦਿੱਤਾ ਗਿਆ ਹੈ। ਇਸ ਪ੍ਰੋਜੈਕਟ ਦਾ ਉਦਘਾਟਨ ਪੰਜਾਬ ਦੇ ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਵਿਭਾਗ ਦੇ ਕੈਬਨਿਟ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਪਿੰਡ ਬੁਸ਼ਹਿਰਾਂ ਵਿਖੇ ਕੀਤਾ।

ਇਸ ਮਹੱਤਵਪੂਰਨ ਪ੍ਰੋਜੈਕਟ ਦੇ ਮੁਕੰਮਲ ਹੋਣ ਉੱਤੇ ਖੁਸ਼ੀ ਜ਼ਾਹਿਰ ਕਰਦਿਆਂ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਸਥਾਨਕ ਲੋਕਾਂ ਦੇ ਦੱਸਣ ਮੁਤਾਬਿਕ ਇਸ ਮਾਈਨਰ (ਸੂਏ) ਵਿੱਚ ਸਾਲ 1979 ਤੋਂ ਬਾਅਦ ਕਦੇ ਵੀ ਪਾਣੀ ਚੱਲਦਾ ਨਹੀਂ ਦੇਖਿਆ ਗਿਆ। ਉਸ ਤੋਂ ਪਹਿਲਾਂ ਵੀ ਪਾਣੀ ਨਾ ਮਾਤਰ ਹੀ ਚੱਲਿਆ ਸੀ। ਪਿਛਲੀਆਂ ਸਰਕਾਰਾਂ ਦੀ ਅਣਦੇਖੀ ਕਾਰਨ ਹਲਕਾ ਲਹਿਰਾਗਾਗਾ ਅਤੇ ਸ਼ੁਤਰਾਣਾ ਦਾ ਹਜ਼ਾਰਾਂ ਏਕੜ ਰਕਬਾ ਨਹਿਰੀ ਪਾਣੀ ਤੋਂ ਸੱਖਣਾ ਹੀ ਰਿਹਾ। ਇਸ ਇਲਾਕੇ ਦੇ ਲੋਕ ਖੇਤੀਬਾੜੀ ਲਈ ਧਰਤੀ ਹੇਠਲੇ ਪਾਣੀ ਉੱਤੇ ਨਿਰਭਰ ਹੀ ਰਹੇ ਅਤੇ ਜਿਸ ਦੇ ਨਤੀਜੇ ਵਜੋਂ ਇਲਾਕੇ ਵਿੱਚ ਧਰਤੀ ਹੇਠਲਾ ਪਾਣੀ ਅੱਜ ਬਹੁਤ ਡੂੰਘਾ ਹੋ ਚੁੱਕਾ ਹੈ।

ਸ਼੍ਰੀ ਬਰਿੰਦਰ ਗੋਇਲ ਨੇ ਦੱਸਿਆ ਕਿ ਇਲਾਕੇ ਦੇ ਲੋਕਾਂ ਨੇ ਕਈ ਵਾਰ ਉਹਨਾਂ ਸਾਹਮਣੇ ਇਹ ਮੁੱਦਾ ਉਠਾਇਆ ਸੀ ਅਤੇ ਉਹਨਾਂ ਨੇ ਵੀ ਚੋਣਾਂ ਦੌਰਾਨ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਇਸ ਮੰਗ ਨੂੰ ਪਹਿਲ ਦੇ ਆਧਾਰ ਉੱਤੇ ਪੂਰਾ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਇਹ ਸੂਏ ਦੇ ਦੁਬਾਰਾ ਚੱਲਣ ਨਾਲ ਕਿਸਾਨਾਂ ਦੀ 50 ਸਾਲ ਪੁਰਾਣੀ ਮੰਗ ਪੂਰੀ ਹੋਈ ਹੈ।

ਉਹਨਾਂ ਕਿਹਾ ਕਿ 85 ਕਿਲੋਮੀਟਰ ਤੋਂ ਵਧੇਰੇ ਲੰਬਾਈ ਵਾਲੇ ਇਸ ਪ੍ਰੋਜੈਕਟ ਉੱਤੇ 50 ਕਰੋੜ ਰੁਪਏ ਦੀ ਲਾਗਤ ਆਈ ਹੈ। ਇਸ ਦੇ ਮੁਕੰਮਲ ਹੋਣ ਨਾਲ ਹਲਕਾ ਲਹਿਰਾਗਾਗਾ ਅਤੇ ਸ਼ੁਤਰਾਣਾ ਦੇ 55 ਪਿੰਡਾਂ ਦੇ 65 ਹਜ਼ਾਰ ਏਕੜ ਰਕਬੇ ਨੂੰ 50 ਸਾਲ ਬਾਅਦ ਨਹਿਰੀ ਪਾਣੀ ਮਿਲਣ ਲੱਗਾ ਹੈ। ਪਹਿਲਾਂ ਕਿਸੇ ਵੀ ਟੇਲ ਉੱਤੇ ਪਾਣੀ ਨਹੀਂ ਜਾਂਦਾ ਸੀ। ਇਹ ਕੰਮ ਦਸੰਬਰ 2024 ਵਿੱਚ ਸ਼ੁਰੂ ਹੋਇਆ ਸੀ ਜੋ ਕਿ ਰਿਕਾਰਡ ਛੇ ਮਹੀਨੇ ਵਿੱਚ ਪੂਰਾ ਕੀਤਾ ਗਿਆ ਹੈ। ਹੁਣ ਇਸ ਦੀ ਪਾਣੀ ਚਲਾਉਣ ਅਤੇ ਸੰਭਾਲਣ ਦੀ ਸਮਰੱਥਾ ਵਿੱਚ ਡੇਢ ਗੁਣਾ ਵਾਧਾ ਕਰ ਦਿੱਤਾ ਗਿਆ ਹੈ।

ਇਸ ਮੌਕੇ ਇਲਾਕੇ ਦੇ ਕਿਸਾਨਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਸੂਬੇ ਦੇ ਪਾਣੀਆਂ ਦੇ ਇਕ ਇਕ ਤੁਪਕੇ ਉੱਤੇ ਪੰਜਾਬੀਆਂ ਦਾ ਹੱਕ ਹੈ। ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਪੰਜਾਬ ਨਾਲ ਧੱਕਾ ਕਰ ਰਹੀ ਹੈ। ਇਸ ਮਸਲੇ ਨੂੰ ਸੁਲਝਾਉਣ ਲਈ ਕੇਂਦਰ ਸਰਕਾਰ ਨੇ ਆਪਣਾ ਸਹੀ ਰੋਲ ਨਹੀਂ ਨਿਭਾਇਆ। ਸੱਚਾਈ ਤਾਂ ਇਹ ਹੈ ਕਿ ਹਰਿਆਣਾ ਨੇ ਬੀ ਬੀ ਐਮ ਬੀ ਤੋਂ ਮਿਲਦੇ ਪਾਣੀ ਦੀ ਉਚਿਤ ਵਰਤੋਂ ਨਹੀਂ ਕੀਤੀ। ਹੁਣ ਜਦੋਂ ਪੰਜਾਬੀ ਪਾਣੀ ਦੇ ਮਸਲੇ ਉੱਤੇ ਇਕਜੁੱਟ ਹੋਏ ਹਨ ਤਾਂ ਬੀ ਬੀ ਐਮ ਬੀ ਦੀ ਸੁਰੱਖਿਆ ਦੇ ਨਾਮ ਉੱਤੇ ਸੀ ਆਈ ਐਸ ਐਫ ਨੂੰ ਤਾਇਨਾਤ ਕਰਨ ਦੇ ਬਹਾਨੇ ਕੇਂਦਰ ਨੇ ਫਿਰ ਸੂਬੇ ਦੀ ਬਾਂਹ ਮਰੋੜਨ ਦੀ ਕੋਝੀ ਕੋਸ਼ਿਸ਼ ਕੀਤੀ ਹੈ।

ਸਾਡਾ ਹਰਿਆਣਾ ਜਾਂ ਕਿਸੇ ਹੋਰ ਨਾਲ ਕੋਈ ਟਕਰਾਅ ਨਹੀਂ ਹੈ। ਹਰਿਆਣੇ ਵਾਲੇ ਸਿਰਫ ਧੱਕੇ ਨਾਲ ਪਾਣੀ ਖੋਹਣ ਦੀ ਗੱਲ ਕਰਦੇ ਸੀ। ਜੋ ਪੰਜਾਬ ਨੂੰ ਮਨਜ਼ੂਰ ਨਹੀਂ ਸੀ। ਉਹਨਾਂ ਸਪੱਸ਼ਟ ਕੀਤਾ ਕਿ ਕਾਨੂੰਨ ਅਤੇ ਮਨੁੱਖਤਾ ਦੇ ਆਧਾਰ ਉੱਤੇ ਹਰ ਗੱਲ ਮੰਨੀ ਜਾ ਸਕਦੀ ਹੈ ਪਰ ਧੱਕਾ ਬਰਦਾਸ਼ਤ ਨਹੀਂ ਹੈ।

ਉਹਨਾਂ ਕਿਹਾ ਕਿ ਕਿਸੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਪੰਜਾਬ ਦੀ ਕਿਸਾਨੀ ਦਾ ਗਲਾ ਨਹੀਂ ਘੁੱਟਿਆ ਜਾ ਸਕਦਾ ਹੈ। ਉਹਨਾਂ ਕਿਹਾ ਕਿ 21 ਮਈ ਤੋਂ ਬਾਅਦ ਨਵਾਂ ਕੋਟਾ ਸ਼ੁਰੂ ਹੋ ਗਿਆ। ਹੁਣ ਹਰਿਆਣਾ ਨੂੰ ਉਸਦੇ ਹਿੱਸੇ ਦਾ ਪਾਣੀ ਦੇਣ ਦਾ ਪੰਜਾਬ ਨੂੰ ਕੋਈ ਇਤਰਾਜ ਨਹੀਂ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿੱਜੀ ਸਹਾਇਕ ਰਾਕੇਸ਼ ਕੁਮਾਰ ਗੁਪਤਾ, ਐਕਸੀਅਨ ਗੁਨਦੀਪ ਸਿੰਘ ਧਾਲੀਵਾਲ, ਐੱਸ ਡੀ ਓ ਸਵਰਨ ਸਿੰਘ, ਐੱਸ ਡੀ ਓ ਚੈਰੀ ਜਿੰਦਲ, ਅਮਨ ਕੁਮਾਰ, ਯਾਦ ਬੀਰ ਸਿੰਘ ਅਤੇ ਨੀਰਜ ਕੁਮਾਰ (ਤਿੰਨੇ ਜੇ ਈ) ਜੋਗੀ ਰਾਮ ਭੁੱਲਣ, ਰਾਮਚੰਦਰ ਬੈਸਹਿਰਾ,ਸੁਰਿੰਦਰ ਸਿੰਘ ਬੈ ਲਾਲੀ, ਹਰਪਾਲ ਸਿੰਘ ਪਾਲਾ, ਮੋਹਨ ਸਿੰਘ, ਕ੍ਰਿਸ਼ਨ ਸਿੰਘ, ਗੁਰਮੀਤ ਸਿੰਘ,ਪ੍ਰਿੰਸ ਕੁਮਾਰ ,ਸਤਿਗੁਰੂ ਸਿੰਘ, ਗੋਰਾ ਸੁਰਿੰਦਰ ਸਿੰਘ ਬੈਸਹਿਰਾ, ਸੁਭਾਚ ਸਿੰਘ ਬੰਗਾਂ, ਚਾਂਦੀ ਰਾਮ ਬੰਗਾਂ, ਬਲਜੀਤ ਸਿੰਘ ਬਲਦੇਵ ਸਿੰਘ ਭਗਵੰਤ ਸਿੰਘ ਮੰਡਵੀ, ਬਲਜੀਤ ਸਿੰਘ ਮੰਡਵੀ, ਰਾਜਵੀਰ ਸਿੰਘ, ਜਸਵੰਤ ਸਿੰਘ, ਗੁਰਦੀਪ ਸਿੰਘ ਮਹਿੰਦਰ ਸਿੰਘ, ਛਿੰਦਰ ਸਿੰਘ, ਕਰਨੈਲ ਸਿੰਘ, ਧਰਮਾਂ ਸਿੰਘ, ਨਿਰਮਲ ਸਿੰਘ, ਤਰਲੋਕ ਸਿੰਘ, ਭਗਵੰਤ ਸਿੰਘ ਮੁਲ੍ਹਲ, ਨਰਿੰਦਰ ਸਿੰਘ ਅਤੇ ਹੋਰ ਹਾਜ਼ਰ ਸਨ।

# ਜਗਦੀਸ਼ ਸਿੰਘ ਝੀਂਡਾ ਨੂੰ ਹਰਿਆਣਾ ਐਸਜੀਪੀਸੀ ਦੇ ਨਵੇਂ ਮੁਖੀ ਵਜੋਂ ਨਿਯੁਕਤ ਕਰਨ 'ਤੇ ਰਤੀਆ ਗੁਰਦੁਆਰਾ ਸਾਹਿਬ ਵਿਖੇ ਲੱਡੂ ਵੰਡੇ ਗਏ

## ਜਗਦੀਸ਼ ਸਿੰਘ ਝੀਂਡਾ ਨੇ 11 ਮੈਂਬਰੀ ਕਾਰਜਕਾਰੀ ਕਮੇਟੀ ਦੇ ਗਠਨ ਦਾ ਐਲਾਨ ਕੀਤਾ ਅਤੇ ਸਮੁੱਚੀ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਲੰਬੇ ਸੰਘਰਸ਼ ਦੀ ਜਿੱਤ ਹੋਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ INTERNATIONAL PAPER, 94636 01616 hardipchumber57@gmail.com



ਰਤੀਆ, 25 ਮਈ (ਸੁਨੀਲ ਕੁਮਾਰ)

ਜਗਦੀਸ਼ ਸਿੰਘ ਝੀਂਡਾ ਨੂੰ ਹਰਿਆਣਾ ਐਸਜੀਪੀਸੀ ਦਾ ਨਵਾਂ ਮੁਖੀ ਬਣਾਏ ਜਾਣ 'ਤੇ ਰਤੀਆ ਗੁਰਦੁਆਰਾ ਸਾਹਿਬ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਕੱਲ੍ਹ, ਕੁਰੂਕਸ਼ੇਤਰ ਵਿੱਚ, ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ, 30 ਮੈਂਬਰਾਂ ਅਤੇ ਸੰਗਤ ਦੀ ਸਹਿਮਤੀ ਨਾਲ, ਜਗਦੀਸ਼ ਸਿੰਘ ਝੀਂਡਾ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ਪ੍ਰਧਾਨ ਬਣਨ ਤੋਂ ਬਾਅਦ ਜਗਦੀਸ਼ ਸਿੰਘ ਝੀਂਡਾ ਨੇ 11 ਮੈਂਬਰੀ ਕਾਰਜਕਾਰੀ ਕਮੇਟੀ ਦੇ ਗਠਨ ਦਾ ਐਲਾਨ ਕੀਤਾ ਅਤੇ ਸਮੁੱਚੀ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਲੰਬੇ ਸੰਘਰਸ਼ ਦੀ ਜਿੱਤ ਹੋਈ ਹੈ ਅਤੇ ਹਰਿਆਣਾ ਦੀ ਪਹਿਲੀ ਗੁਰਦੁਆਰਾ ਚੋਣ ਪ੍ਰਕਿਰਿਆ ਪੂਰੀ ਹੋ ਗਈ ਹੈ। ਰਤੀਆ ਗੁਰਦੁਆਰਾ ਪੁਰਾਣਾ ਬਾਜ਼ਾਰ ਵਿਖੇ ਹੋਈ ਮੀਟਿੰਗ ਵਿੱਚ, ਜਗਦੀਸ਼ ਸਿੰਘ ਝੀਂਡਾ ਦੇ ਪ੍ਰਧਾਨ ਬਣਨ ਦੀ ਖੁਸ਼ੀ ਵਿੱਚ ਲੱਡੂ ਵੰਡੇ ਗਏ ਅਤੇ ਭਵਿੱਖ ਦੇ ਕੰਮਾਂ ਬਾਰੇ ਵੀ ਚਰਚਾ ਕੀਤੀ ਗਈ। ਇਸ ਮੌਕੇ ਜਰਨੈਲ ਸਿੰਘ ਖਾਲਸਾ ਅਤੇ ਗੁਰਚਰਨ ਸਿੰਘ ਰਤੀਆ ਨੇ ਸਾਂਝੇ ਤੌਰ 'ਤੇ ਕਿਹਾ ਕਿ ਇਸ ਮੌਕੇ ਸਮੁੱਚੀ ਸੰਗਤ ਨੇ ਜਗਦੀਸ਼ ਸਿੰਘ ਝੀਂਡਾ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਅਗਵਾਈ ਹੇਠ ਗੁਰਦੁਆਰਾ ਪ੍ਰਬੰਧ ਲਈ ਕੰਮ ਕਰਨ ਦਾ ਪ੍ਰਣ ਲਿਆ। ਸਿੱਖ ਭਾਈਚਾਰਾ ਭੂਦਰਵਾਸ ਵਿੱਚ ਸਰਪੰਚ 'ਤੇ ਹਮਲੇ ਅਤੇ ਉਸਦੀ ਪੱਗ ਉਤਾਰਨ ਦੀ ਹਾਲ ਹੀ ਵਿੱਚ ਵਾਪਰੀ ਘਟਨਾ ਦੀ ਸਖ਼ਤ ਨਿੰਦਾ ਕਰਦਾ ਹੈ। ਇਸ ਘਟਨਾ ਨਾਲ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਸਿੱਖ ਸੰਗਤ ਪ੍ਰਸ਼ਾਸਨ ਤੋਂ ਮੰਗ ਕਰਦੀ ਹੈ ਕਿ ਇਸ ਘਟਨਾ ਲਈ ਜ਼ਿੰਮੇਵਾਰ ਭਾਜਪਾ ਆਗੂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਉਸਨੂੰ ਜਲਦੀ ਤੋਂ ਜਲਦੀ ਗ੍ਰਿਫ਼ਤਾਰ ਕੀਤਾ ਜਾਵੇ। ਸਿੱਖ ਭਾਈਚਾਰੇ ਨੇ ਫੈਸਲਾ ਕੀਤਾ ਹੈ ਕਿ ਇੱਕ ਕਮੇਟੀ ਬਣਾਈ ਜਾਵੇਗੀ ਜੋ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰੇਗੀ। ਇਸ ਕਮੇਟੀ ਵਿੱਚ ਫਤਿਹ ਸਿੰਘ, ਡਾ. ਹਨ। ਸ਼ੀਸ਼ਪਾਲ ਸਿੰਘ ਖੇਖਰ, ਜੈਪਾਲ ਸਿੰਘ, ਸ਼ੇਰ ਸਿੰਘ ਭੁੱਲਰ, ਮਾਸਟਰ ਮਨਜੀਤ ਸਿੰਘ, ਰੂਪ ਸਿੰਘ ਖੇਖਰ, ਸ਼ੇਰ ਸਿੰਘ ਖੇਖਰ, ਸੇਵਾ ਸਿੰਘ ਭੁੱਲਰ, ਸੁਰਿੰਦਰਪਾਲ ਸਿੰਘ, ਜਗਜੀਤ ਸਿੰਘ, ਬਾਬਾ ਬਚਨ ਸਿੰਘ, ਮਿਸਤਰੀ ਰੂਪ ਸਿੰਘ ਆਦਿ ਹਾਜ਼ਰ ਹੋਣਗੇ।

# 'ਮੈਨੂੰ ਵੇਸਵਾ ਦੀ ਤਰ੍ਹਾਂ ਮਹਿਸੂਸ ਕਰਵਾਇਆ ਗਿਆ', ਮਿਸ ਇੰਗਲੈਂਡ ਦੇ ਬਿਆਨ ਤੋਂ ਬਾਅਦ ਹੈਦਰਾਬਾਦ 'ਚ ਹੋਏ ਮਿਸ ਵਰਲਡ ਮੁਕਾਬਲੇ ਨੂੰ ਲੈ ਕੇ ਛਿੜਿਆ ਵਿਵਾਦ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ INTERNATIONAL PAPER, 94636 01616 hardipchumber57@gmail.com

ਬਾਲਾ ਸਤੀਸ਼
ਰੇਲ,ਬੀਬੀਸੀ ਪੱਤਰਕਾਰ

ਮਿਸ ਵਰਲਡ ਮੁਕਾਬਲੇ ਨੂੰ ਲੈ ਕੇ ਵਿਵਾਦ ਛਿੜ ਗਿਆ ਹੈ।

ਮਿਸ ਇੰਗਲੈਂਡ 2025 ਮਿਲਾ ਮੈਗੀ ਵਲੋਂ ਆਯੋਜਨ ਬਾਰੇ ਦਿੱਤੀ ਗਈ ਇੰਟਰਵਿਊ ਤੋਂ ਬਾਅਦ ਸਨਸਨੀ ਮਚ ਗਈ ਹੈ।

ਕਿਉਂਕਿ ਇਸ ਸਾਲ ਇਹ ਮੁਕਾਬਲਾ ਭਾਰਤ ਦੇ ਹੈਦਰਾਬਾਦ 'ਚ ਕਰਵਾਇਆ ਜਾ ਰਿਹਾ ਹੈ, ਇਸ ਕਾਰਨ ਇਸ ਮੁੱਦੇ 'ਤੇ ਭਖਵੀਂ ਸਿਆਸਤ ਵੀ ਹੋ ਰਹੀ ਹੈ।

ਮੁਕਾਬਲੇ ਨੂੰ ਵਿਚਕਾਰ ਹੀ ਛੱਡ ਕੇ ਇੰਗਲੈਂਡ ਵਾਪਸ ਮੁੜ ਚੁੱਕੀ ਮਿਸ ਇੰਗਲੈਂਡ 2025 ਮਿਲਾ ਮੈਗੀ ਨੇ ਇੱਕ ਬ੍ਰਿਟਿਸ਼ ਮੈਗਜ਼ੀਨ ਨੂੰ ਇੰਟਰਵਿਊ ਦਿੱਤਾ ਹੈ।

ਇਸ ਇੰਟਰਵਿਊ 'ਚ ਮਿਲਾ ਨੇ ਕਿਹਾ, "ਉਨ੍ਹਾਂ (ਆਯੋਜਕਾਂ) ਨੇ ਮੈਨੂੰ ਇੰਝ ਮਹਿਸੂਸ ਕਰਵਾਇਆ ਜਿਵੇਂ ਕਿ ਮੈਂ ਇੱਕ ਵੇਸਵਾ ਹਾਂ।"

ਇਸ ਟਿੱਪਣੀ ਤੋਂ ਬਾਅਦ ਹੈਦਰਾਬਾਦ ਵਿੱਚ ਰਾਜਨੀਤਿਕ ਹੰਗਾਮਾ ਮਚ ਗਿਆ ਹੈ।

ਮਿਸ ਇੰਗਲੈਂਡ 2025 ਦੀ ਜੇਤੂ ਮਿਲਾ ਮੈਗੀ ਮਿਸ ਵਰਲਡ ਮੁਕਾਬਲੇ ਵਿੱਚ ਹਿੱਸਾ ਲੈਣ ਲਈ ਹੈਦਰਾਬਾਦ ਆਏ ਸੀ।

ਉਹ ਮੁਕਾਬਲੇ ਲਈ 7 ਮਈ ਨੂੰ ਹੈਦਰਾਬਾਦ ਪਹੁੰਚੇ ਅਤੇ 16 ਮਈ ਨੂੰ ਇੱਥੋਂ ਵਾਪਸ ਰਵਾਨਾ ਹੋ ਗਏ।

ਮਿਲਾ ਮੈਗੀ ਨੇ ਇੰਟਰਵਿਊ ਵਿੱਚ ਕੀ ਕਿਹਾ?

ਮੈਗੀ ਨੇ ਭਾਰਤ ਤੋਂ ਵਾਪਸ ਜਾਣ ਮਗਰੋਂ ਬ੍ਰਿਟਿਸ਼ ਟੈਬਲਾਇਡ 'ਦਿ ਸਨ' ਨੂੰ ਇੱਕ ਇੰਟਰਵਿਊ ਦਿੱਤਾ।

ਉਨ੍ਹਾਂ ਨੇ ਇਸ ਇੰਟਰਵਿਊ ਵਿੱਚ ਕਿਹਾ, "ਮੈਂ ਉੱਥੇ ਬਦਲਾਅ ਲੈ ਕੇ ਆਉਣ ਦੇ ਉਦੇਸ਼ ਨਾਲ ਗਈ ਸੀ, ਪਰ ਇਸ ਦੇ ਉਲਟ ਮੈਨੂੰ ਉੱਥੇ ਕਠਪੁਤਲੀ ਵਾਂਗ ਬੈਠਣਾ ਪਿਆ।"

"ਮੇਰੇ ਨੈਤਿਕ ਮਿਆਰਾਂ ਨੇ ਮੈਨੂੰ ਉੱਥੇ ਹੋਰ ਰਹਿਣ ਦੀ



ਇਜਾਜ਼ਤ ਨਹੀਂ ਦਿੱਤੀ। ਪ੍ਰਬੰਧਕਾਂ ਨੂੰ ਲੱਗਿਆ ਕਿ ਮੈਂ ਉੱਥੇ ਸਿਰਫ਼ ਮੌਜ-ਮਸਤੀ ਕਰਨ ਲਈ ਆਈ ਹਾਂ।"

ਮਿਲਾ ਨੇ ਅੱਗੇ ਕਿਹਾ "ਉਨ੍ਹਾਂ ਨੇ ਮੈਨੂੰ ਆਪਣੇ ਆਪ ਨੂੰ ਵੇਸਵਾ ਸਮਝਣ ਲਈ ਮਜਬੂਰ ਕਰ ਦਿੱਤਾ। ਅਮੀਰ ਪੁਰਸ਼ ਸਪਾਂਸਰਾਂ ਦੇ ਸਾਹਮਣੇ ਪੇਸ਼ ਹੋਣ ਤੋਂ ਬਾਅਦ, ਮੈਨੂੰ ਲੱਗਾ ਕਿ ਮੈਨੂੰ ਕੋਈ ਫੈਸਲਾ ਲੈਣਾ ਹੀ ਪਵੇਗਾ।"

"ਮਿਸ ਵਰਲਡ ਮੁਕਾਬਲਿਆਂ ਦੇ ਲਈ ਚੰਗਾ ਸਮਾਂ ਖਤਮ ਹੋ ਗਿਆ ਹੈ।"

"ਦੁਨੀਆਂ ਨੂੰ ਬਦਲਣ ਲਈ ਆਪਣੀ ਆਵਾਜ਼ ਬੁਲੰਦ ਕਰਨ ਤੋਂ ਪਹਿਲਾਂ ਇਹ ਤਾਜ ਅਤੇ ਖ਼ਿਤਾਬ ਜਿੱਤਣਾ ਬੇਕਾਰ ਹਨ।"

"ਉਨ੍ਹਾਂ (ਆਯੋਜਕਾਂ) ਦੇ ਮੁਤਾਬਕ ਤਾਂ ਔਰਤਾਂ ਨੂੰ ਸਵੇਰੇ ਹੀ ਸੱਜ-ਸਵਰ ਕੇ, ਮੇਕਅਪ ਕਰਕੇ ਅਤੇ ਬਾਲ ਗਾਊਨ ਪਹਿਨ ਕੇ ਰਸੋਈ ਦੇ ਦੁਆਲੇ ਹੋ ਜਾਣਾ ਚਾਹੀਦਾ ਹੈ।"

### 'ਮਰਦਾਂ ਦਾ ਮਨੋਰੰਜਨ ਕਰਨ ਲਈ ਕਿਹਾ ਗਿਆ'

'ਦਿ ਸਨ' ਮੈਗਜ਼ੀਨ ਨੇ ਆਪਣੇ ਲੇਖ ਵਿੱਚ ਲਿਖਿਆ ਕਿ ਮਿਲਾ ਨੂੰ ਸ਼ੁਕਰਗੁਜ਼ਾਰੀ ਦੇ ਬਹਾਨੇ ਕੁਝ ਮੱਧ-ਉਮਰ ਦੇ ਆਦਮੀਆਂ ਨੂੰ ਰਿਝਾਣ ਲਈ ਕਿਹਾ ਜਾ ਰਿਹਾ ਸੀ, ਜਿਸ ਤੋਂ ਉਹ ਤੰਗ ਆ ਗਈ ਸੀ।

"ਹਰੇਕ ਮੇਜ਼ 'ਤੇ ਛੇ ਮਹਿਮਾਨਾਂ ਨਾਲ ਦੋ-ਦੋ ਕੁੜੀਆਂ ਬੈਠਾਈਆਂ ਜਾਂਦੀਆਂ ਸਨ।"

ਮਿਲਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਾਰੀ ਸ਼ਾਮ ਉਨ੍ਹਾਂ ਮਹਿਮਾਨਾਂ ਨਾਲ ਬੈਠਣ ਲਈ ਕਿਹਾ ਜਾਂਦਾ ਸੀ। ਇਹ ਵੀ ਕਿਹਾ ਜਾਂਦਾ ਸੀ ਉਹ ਉਨ੍ਹਾਂ ਦਾ ਮਨੋਰੰਜਨ ਕਰਨ।

"ਇਹ ਮੈਨੂੰ ਬਹੁਤ ਗਲਤ ਲੱਗਿਆ। ਮੈਂ ਉੱਥੇ ਲੋਕਾਂ ਦਾ ਮਨੋਰੰਜਨ ਕਰਨ ਲਈ ਨਹੀਂ ਗਈ ਸੀ। ਮਿਸ ਵਰਲਡ ਦੇ ਕੁਝ ਨੈਤਿਕ ਮੁੱਲ ਹੋਣੇ ਚਾਹੀਦੇ ਹਨ।"

ਮਿਲਾ ਮੈਗੀ ਨੇ 'ਦਿ ਸਨ' ਨੂੰ ਅੱਗੇ ਦੱਸਿਆ "ਪਰ, ਇਹ ਮੁਕਾਬਲੇ ਬਹੁਤ ਪੁਰਾਣੇ ਤਰੀਕਿਆਂ ਨਾਲ ਹੀ ਚੱਲ ਰਹੇ ਹਨ। ਉਨ੍ਹਾਂ ਨੇ ਮੈਨੂੰ ਇੱਕ ਵੇਸਵਾ ਵਾਂਗ ਮਹਿਸੂਸ ਕਰਵਾਇਆ।"

"ਜਦੋਂ ਮੈਂ ਕਿਸੇ ਅਹਿਮ ਵਿਸ਼ੇ ਬਾਰੇ ਗੱਲ ਕਰਨ ਲੱਗਦੀ, ਤਾਂ ਉੱਥੇ ਦੇ ਆਦਮੀ ਬੇਲੋੜੀਆਂ ਅਤੇ ਅਸੰਬੰਧਿਤ ਚੀਜ਼ਾਂ ਬਾਰੇ ਗੱਲ ਕਰਦੇ ਸਨ, ਜਿਸ ਕਾਰਨ ਉੱਥੇ ਰਹਿਣਾ ਮੁਸ਼ਕਲ ਹੋ ਗਿਆ ਸੀ।"

ਮੈਗੀ ਨੇ ਕਿਹਾ, "ਮੈਨੂੰ ਇਸ ਮੁਕਾਬਲੇ ਤੋਂ ਇਸ ਤਰ੍ਹਾਂ ਦੀ ਉਮੀਦ ਨਹੀਂ ਸੀ। ਉਨ੍ਹਾਂ ਨੇ ਸਾਡੇ ਨਾਲ ਬੱਚਿਆਂ ਵਾਂਗ ਵਿਵਹਾਰ ਕੀਤਾ, ਵੱਡਿਆਂ ਵਾਂਗ ਨਹੀਂ।"

'ਦਿ ਸਨ' ਅਖ਼ਬਾਰ ਦੀ ਰਿਪੋਰਟ ਮੁਤਾਬਕ ਕਿ ਮੈਗੀ ਨੇ ਆਪਣੀ ਮਾਂ ਨੂੰ ਫ਼ੋਨ ਕਰਕੇ ਆਪਣੀ ਪਰੇਸ਼ਾਨੀ ਅਤੇ ਸ਼ੋਸ਼ਣ ਬਾਰੇ ਦੱਸਿਆ।

### ਭਾਰਤ 'ਚ ਭਖੀ ਸਿਆਸਤ

ਬੀਆਰਐਸ ਪਾਰਟੀ ਨੇ ਇਸ ਮੁੱਦੇ 'ਤੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ।

ਉਨ੍ਹਾਂ ਨੇ 'ਦਿ ਸਨ' ਦੀ ਕਹਾਣੀ ਸਾਂਝੀ ਕਰਦੇ ਹੋਏ ਟਵੀਟ ਕੀਤਾ।

ਇਸ ਟਵੀਟ 'ਚ ਉਨ੍ਹਾਂ ਨੇ ਕਿਹਾ "ਕਾਂਗਰਸ ਸਰਕਾਰ ਦੇ ਮੁੱਖ ਮੰਤਰੀ ਰੇਵੰਤ ਨੇ ਸਰਕਾਰੀ ਖਜ਼ਾਨੇ ਵਿੱਚੋਂ 250 ਕਰੋੜ ਰੁਪਏ ਖਰਚ ਕਰਕੇ ਤੇਲੰਗਾਨਾ ਅਤੇ ਹੈਦਰਾਬਾਦ ਦੀ ਸਾਖ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਢਾਹ ਲਗਾਈ ਹੈ!"

ਮਿਸ ਵਰਲਡ ਦੇ ਪ੍ਰਬੰਧਕਾਂ ਨੇ ਮਿਲਾ ਮੈਗੀ ਦੇ ਇਲਜ਼ਾਮਾਂ ਦਾ ਜਵਾਬ ਦਿੱਤਾ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਉਨ੍ਹਾਂ ਦੇ ਇਲਜ਼ਾਮ ਝੂਠੇ ਹਨ।

ਉਨ੍ਹਾਂ ਕਿਹਾ "ਮਿਸ ਇੰਗਲੈਂਡ 2025 ਦੀ ਜੇਤੂ, ਮਿਲਾ ਮੈਗੀ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਆਪਣੀ ਮਾਂ ਦੀ ਬਿਮਾਰੀ ਦਾ ਹਵਾਲਾ ਦਿੰਦੇ ਹੋਏ ਮੁਕਾਬਲੇ ਛੱਡਣ ਲਈ ਬੇਨਤੀ ਕੀਤੀ ਸੀ।"

ਬਿਆਨ ਵਿੱਚ ਅੱਗੇ ਕਿਹਾ ਗਿਆ, "ਉਸ ਦੀ ਸਥਿਤੀ ਨੂੰ ਸਮਝਦੇ ਹੋਏ, ਮਿਸ ਵਰਲਡ ਸੰਗਠਨ ਦੀ ਚੇਅਰਮੈਨ ਅਤੇ ਸੀਈਓ ਜੂਲੀਆ ਮੋਰਲੇ ਨੇ ਉਸ ਦੇ ਇੰਗਲੈਂਡ ਵਾਪਸ ਜਾਣ ਦਾ ਪ੍ਰਬੰਧ ਕੀਤਾ। ਬਾਅਦ ਵਿੱਚ ਉਸ ਦੀ ਜਗ੍ਹਾ ਸ਼ਾਰਲਟ ਗ੍ਰਾਂਟ ਮੁਕਾਬਲੇ ਵਿੱਚ ਹਿੱਸਾ ਲੈਣ ਪਹੁੰਚੀ। ਉਹ (ਸ਼ਾਰਲਟ) ਬੁੱਧਵਾਰ ਨੂੰ ਹੈਦਰਾਬਾਦ ਪਹੁੰਚੀ ਗਈ।"

ਆਯੋਜਕਾਂ ਵਲੋਂ ਦਿੱਤੇ ਗਏ ਬਿਆਨ 'ਚ ਕਿਹਾ ਗਿਆ ਹੈ ਕਿ ਬ੍ਰਿਟਿਸ਼ ਮੀਡੀਆ ਆਊਟਲੈਟਾਂ ਵਲੋਂ ਭਾਰਤ ਵਿੱਚ ਮਿਲਾ ਦੇ ਤਜ਼ਰਬਿਆਂ ਸੰਬੰਧੀ ਪ੍ਰਕਾਸ਼ਿਤ ਕੀਤੀਆਂ ਰਿਪੋਰਟਾਂ ਸਹੀ ਨਹੀਂ ਹਨ।

ਆਯੋਜਕਾਂ ਨੇ ਕਿਹਾ ਉਨ੍ਹਾਂ ਖ਼ਬਰਾਂ ਦਾ ਇੱਥੇ (ਭਾਰਤ 'ਚ) ਮਿਲਾ ਦੀ ਸਥਿਤੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

"ਅਸੀਂ ਮਿਲਾ ਦੀ ਹੈਦਰਾਬਾਦ ਵਿੱਚ ਸ਼ੂਟ ਹੋਈ ਵੀਡੀਓ ਜਾਰੀ ਕਰ ਰਹੇ ਹਾਂ। ਜਿਸ ਵਿੱਚ ਉਸ ਨੂੰ ਧੰਨਵਾਦ ਕਹਿੰਦੇ ਹੋਏ ਅਤੇ ਇਹ ਕਹਿੰਦੇ ਹੋਏ ਸਾਫ਼-ਸਾਫ਼ ਦੇਖ ਸਕਦੇ ਹਾਂ ਕਿ ਇੱਥੇ ਸਭ ਕੁਝ ਠੀਕ ਹੈ। ਭਾਰਤ ਵਿੱਚ ਬੋਲੇ ਗਏ ਸ਼ਬਦਾਂ ਅਤੇ ਉੱਥੇ ਜਾਣ ਤੋਂ ਬਾਅਦ ਸਾਹਮਣੇ ਆ ਰਹੀਆਂ ਕਹਾਣੀਆਂ ਵਿਚਕਾਰ ਕੋਈ ਸਬੰਧ ਨਹੀਂ ਹੈ।"

### ਮਿਸ ਵਰਲਡ ਸੰਗਠਨ ਨੇ ਕਿਹਾ 'ਇਲਜ਼ਾਮ ਝੂਠੇ ਹਨ'

ਮਿਸ ਵਰਲਡ ਸੰਗਠਨ ਨੇ ਇੱਕ ਬਿਆਨ ਵਿੱਚ ਕਿਹਾ, "ਅਸੀਂ ਮੀਡੀਆ ਆਊਟਲੈਟਾਂ ਨੂੰ ਅਜਿਹੀਆਂ ਗੁੰਮਰਾਹਕੁੰਨ ਖ਼ਬਰਾਂ ਪ੍ਰਕਾਸ਼ਤ ਕਰਨ ਤੋਂ ਪਹਿਲਾਂ ਪੱਤਰਕਾਰੀ ਦੀਆਂ ਕਦਰਾਂ-ਕੀਮਤਾਂ ਦੀ ਪਾਲਣਾ ਕਰਨ ਦੀ ਅਪੀਲ ਕਰਦੇ ਹਾਂ। ਮਿਸ ਵਰਲਡ ਆਪਣੇ ਉਦੇਸ਼ਾਂ ਪ੍ਰਤੀ ਵਚਨਬੱਧ ਹੈ।"

ਇਹ ਸਾਰੇ ਬਿਆਨ ਮਿਸ ਵਰਲਡ ਆਰਗੇਨਾਈਜ਼ੇਸ਼ਨ ਦੀ ਚੇਅਰਮੈਨ ਅਤੇ ਸੀਈਓ ਜੂਲੀਆ ਮੋਰਲੇ ਦੇ ਨਾਮ ਹੇਠ ਜਾਰੀ ਕੀਤੇ ਗਏ ਹਨ।

ਇਹਨਾਂ ਬਿਆਨਾਂ ਦੇ ਨਾਲ ਹੀ ਮਿਲਾ ਦਾ ਇੱਕ ਵੀਡੀਓ ਵੀ ਜਾਰੀ ਕੀਤਾ ਗਿਆ ਸੀ ਜਿਸ ਵਿੱਚ ਉਹ ਕਹਿੰਦੀ ਹੈ ਕਿ ਇੱਥੇ (ਭਾਰਤ) ਵਿੱਚ ਸਭ ਕੁਝ ਠੀਕ ਹੈ।

ਪ੍ਰਬੰਧਕਾਂ ਨੇ ਇਹ ਵੀਡੀਓ ਜਾਰੀ ਕਰਦਿਆਂ ਇਹ ਦਾਅਵਾ ਕੀਤਾ ਕਿ ਮਿਲਾ ਮੈਗੀ ਨੇ ਚੌਮਹੱਲਾ ਪੈਲੇਸ ਵਿੱਚ ਹੋਈ ਸਿਰਫ਼ ਇੱਕ ਹੀ ਦਾਵਤ ਵਿੱਚ ਹਿੱਸਾ ਲਿਆ ਸੀ, ਜੋ ਕਿ ਸਰਕਾਰ ਦੁਆਰਾ ਆਯੋਜਿਤ ਕਰਵਾਈ ਗਈ ਸੀ।

ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਮਿਲਾ ਮੈਗੀ ਦੇ ਦੋਵੇਂ ਪਾਸੇ ਔਰਤਾਂ ਬੈਠੀਆਂ ਸਨ ਅਤੇ ਮੇਜ਼ 'ਤੇ ਸਿਰਫ਼ ਇੱਕ ਹੀ ਮਰਦ ਦਿਖਾਈ ਦੇ ਰਿਹਾ ਸੀ।

ਇਸ ਵਿਵਾਦ ਤੋਂ ਬਾਅਦ, ਮਿਸ ਇੰਗਲੈਂਡ 2025 ਖ਼ਿਤਾਬ ਦੀ ਉਪ ਜੇਤੂ ਸ਼ਾਰਲਟ ਮਿਲਾ ਮੈਗੀ ਦੀ ਥਾਂ ਲੈ ਕੇ ਮੁਕਾਬਲੇ ਵਿੱਚ ਇੰਗਲੈਂਡ ਦੀ ਨੁਮਾਇੰਦਗੀ ਕਰਨਗੇ।

# 26 ਮਈ ਨੂੰ ਸੰਗਰੂਰ ਵਿਖੇ ਜਨਤਕ ਸੰਘਰਸ਼ਾਂ ਨੂੰ ਕੁਚਲਣ ਵਾਲੀ ਸਰਕਾਰੀ ਨੀਤੀ ਖ਼ਿਲਾਫ਼ ਵੱਡੀ ਗਿਣਤੀ ਕਿਸਾਨ ਕਰਨਗੇ ਸ਼ਮੂਲੀਅਤ

## 'ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਖਿਲਾਫ਼ ਮੋਹਾਲੀ ਵਿਖੇ ਰੋਸ ਪ੍ਰਦਰਸ਼ਨ 29 ਨੂੰ- ਪੰਜਾਬ ਕਿਸਾਨ ਯੂਨੀਅਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ INTERNATIONAL PAPER, 94636 01616 hardipchumber57@gmail.com

ਮਾਨਸਾ 25 ਮਈ (ਆਤਮਾ ਸਿੰਘ ਪਮਾਰ )- ਜਿਲਾ ਮਾਨਸਾ ਦੀ ਜਨਰਲ ਬਾਡੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਰਾਮਫਲ ਚੱਕ ਅਲੀਸ਼ੇਰ ਦੀ ਪ੍ਰਧਾਨਗੀ ਹੇਠ ਫਫੜੇ ਭਾਈਕੇ ਵਿਖੇ ਹੋਈ I ਪਿਛਲੇ ਪ੍ਰੋਗਰਾਮਾਂ ਦੇ ਜੱਥੇਬੰਦਕ ਰਵਿਊ ਉਪਰੰਤ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਬਠਿੰਡਾ,ਸੰਗਰੂਰ ਤੇ ਜਗਰਾਓਂ ਵਿਖੇ ਹੋ ਰਹੀਆਂ ਰੈਲੀਆਂ ਵਿੱਚ ਪੰਜਾਬ ਦੇ ਸੰਘਰਸ਼ਾਂ ਨੂੰ ਤਾਰਪੀਡੋ ਕਰਨ ਦੀ ਸਰਕਾਰੀ ਮਨਸਾ ਵਿਰੁੱਧ 'ਜਬਰ ਵਿਰੋਧੀ ਰੈਲੀਆਂ' ਦੌਰਾਨ ਪੰਜਾਬ ਕਿਸਾਨ ਯੂਨੀਅਨ ਦੇ ਆਗੂਆਂ ਅਤੇ ਵਰਕਰਾਂ ਵੱਲੋਂ ਸੈਂਕੜਿਆਂ ਦੀ ਗਿਣਤੀ ਵਿੱਚ ਭਾਗ ਲੈਣ ਦਾ ਮਤਾ



ਪਾਇਆ ਗਿਆ I ਇਸ ਤੋਂ ਇਲਾਵਾ 29 ਮਈ ਨੂੰ 'ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ' ਐਸ.ਏ.ਐਸ ਨਗਰ ਮੋਹਾਲੀ ਵਿਖੇ ਪਿਛਲੇ ਦਿਨੀਂ ਜੱਥੇਬੰਦਕ ਆਗੂਆਂ ਨਾਲ ਆਈ.ਏ.ਐਸ ਅਧਿਕਾਰੀ ਵੱਲੋਂ ਕੁਰੱਖਤ ਵਿਵਹਾਰ ਕਰਨ ਦੇ ਰੋਸ ਵਜੋਂ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ I ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਨੇ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਪੰਜਾਬ ਅੰਦਰ ਮਾਨ ਸਰਕਾਰ ਦੇ ਭ੍ਰਿਸ਼ਟ ਤਾਣੇ ਬਾਣੇ ਦੇ ਚੱਲਦਿਆਂ ਜੱਥੇਬੰਦਕ ਕਾਰਕੁੰਨਾਂ ਨਾਲ ਇਉਂ ਸ਼ਰੇਆਮ ਵਧੀਕੀਆਂ ਸਹਿਣ ਨਹੀਂ ਕੀਤੀਆਂ ਜਾਣਗੀਆਂ I ਉਨਾਂ ਕਿਹਾ ਕਿ ਇੱਕ ਪਾਸੇ ਜਨਤਕ ਅਦਾਰਿਆਂ ਅੰਦਰ ਉੱਚ ਅਹੁਦਿਆਂ ਉਤੇ ਸੁਸ਼ੋਭਤ ਸਰਕਾਰੀ ਮੁਲਾਜ਼ਮ ਚਿੱਟੇ ਦਿਨ ਦੇ ਨੰਬਰ ਦੀ ਕਮਾਈ ਕਰਕੇ ਪੰਜਾਬ ਦੇ ਖਜ਼ਾਨੇ ਨੂੰ ਚੂਨਾ ਲਗਾ ਰਹੇ ਹਨ,ਦੂਜੇ ਪਾਸੇ ਮੁੱਖ ਮੰਤਰੀ ਭਗਵੰਤ ਮਾਨ ਜਨਤਾ ਦੇ ਟੈਕਸਾਂ ਦੇ ਪੈਸੇ ਨੂੰ 'ਐਂਟੀਕੁਰੱਪਸ਼ਨ' ਲੋਗੋ ਛਾਪ ਛਾਪ ਕੇ ਪੰਜਾਬ 'ਚ ਬੋਰਡ ਲਗਾਉਣ ਉਤੇ ਖਰਚ ਰਹੇ ਹਨ I ਉਨਾਂ ਕਿਹਾ ਕਿ ਜੇਕਰ ਸਰਕਾਰੀ ਅਤੇ ਨਿੱਜੀ ਤੰਤਰ ਅੰਦਰ ਪੈਸਿਆਂ ਦਾ ਦੇਣ ਲੈਣ ਇਉਂ ਹੀ ਚਲਦਾ ਰਿਹਾ ਤਾਂ ਮਾਨ ਸਰਕਾਰ ਪੰਜਾਬ ਨੂੰ ਕਿਵੇਂ 'ਭ੍ਰਿਸਟਾਚਾਰ ਮੁਕਤ'ਕਰੇਗੀ ਇਸ ਦਾ ਜੁਆਬ ਪੰਜਾਬ ਦੇ ਲੋਕਾਂ ਨੂੰ ਦੇਣਾ ਹੀ ਪਵੇਗਾ I ਇਸ ਸਮੇਂ ਸੂਬਾਈ ਆਗੂ ਗੋਰਾ ਸਿੰਘ ਭੈਣੀਬਾਘਾ, ਗੁਰਨਾਮ ਸਿੰਘ ਭੀਖੀ, ਗੁਰਜੰਟ ਸਿੰਘ ਮਾਨਸਾ,ਰਾਮਫਲ ਚੱਕ ਅਲੀਸੇਰ,ਨਰਿੰਦਰ ਕੌਰ ਬੁਰਜ ਹਮੀਰਾ,ਭੋਲਾ ਸਿੰਘ ਸਮਾਓਂ ਤੋਂ ਇਲਾਵਾ ਕਰਨੈਲ ਸਿੰਘ ਮਾਨਸਾ,ਬਲਕਰਨ ਬੱਲੀ, ਸੁਖਚਰਨ ਦਾਨੇਵਾਲੀਆ, ਅਮਰੀਕ ਕੋਟ ਧਰਮੂੰ, ਅਮੋਲਕ ਸਿੰਘ ਖੀਵਾ, ਜਗਤਾਰ ਸਿੰਘ ਸਹਾਰਨਾ, ਗੁਰਤੇਜ ਸਿੰਘ ਬਰੇ,ਦਰਸ਼ਨ ਮੰਘਾਣੀਆਂ,ਅਮਰੀਕ ਸਿੰਘ ਮਾਨਸਾ ਅਤੇ ਪਿੰਡਾਂ ਦੀਆਂ ਇਕਾਈਆਂ ਦੇ ਆਗੂ ਅਤੇ ਵਰਕਰ ਵੀ ਹਾਜ਼ਰ ਸਨ I

# *ਵਿਦਿਆਰਥੀਆਂ ਨੂੰ ਜਬਰਦਸਤੀ ਤੇਲਗੂ ਭਾਸ਼ਾ ਸਿਖਾਉਣ ਦਾ ਡੀ ਟੀ ਐਫ ਵੱਲੋਂ ਸਖ਼ਤ ਵਿਰੋਧ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ INTERNATIONAL PAPER, 94636 01616 hardipchumber57@gmail.com

ਮਾਨਸਾ, 25 ਮਈ( ਆਤਮਾ ਸਿੰਘ ਪਮਾਰ ) ਪੰਜਾਬ ਦੇ ਸਿੱਖਿਆ ਵਿਭਾਗ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਤੇਲਗੂ ਭਾਸ਼ਾ ਦਾ ਮੁੱਢਲਾ ਗਿਆਨ ਦੇਣ ਦੇ ਫੈਸਲੇ ਨੂੰ ਹਾਸੋ ਹੀਣਾ ਕਰਾਰ ਦਿੰਦਿਆਂ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਅਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ ਵਿੱਚ ਡੀ ਟੀ ਐਫ਼ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਅਤੇ ਹਰਜਿੰਦਰ ਅਨੂਪਗੜ੍ਹ ਨੇ ਕਿਹਾ ਕਿ ਜਦੋਂ ਵਿਦਿਆਰਥੀ ਤਿੰਨ ਭਾਸ਼ੀ ਫਾਰਮੂਲੇ ਤਹਿਤ ਤਿੰਨ ਭਾਸ਼ਾਵਾਂ ਪੜ੍ਹ ਰਹੇ ਹਨ ਉਦੋਂ ਉਹਨਾਂ ਤੇ ਚੌਥੀ ਭਾਸ਼ਾ ਜਬਰੀ ਥੋਪਣੀ ਬਿਲਕੁਲ ਗੈਰ ਵਿਵਹਾਰਕ, ਗੈਰ ਪ੍ਰਸ਼ੰਸਕ ਅਤੇ ਗੈਰ ਮਨੋਵਿਗਿਆਨਿਕ ਵੀ ਹੈ। ਉਹਨਾਂ ਕਿਹਾ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪਿਛਲੇ ਦਿਨੀ ਐਲਾਨੇ ਬਾਰਵੀਂ ਜਮਾਤ ਦੇ ਪੰਜਾਬੀ ਦੀ ਪ੍ਰੀਖਿਆ ਵਿੱਚੋਂ 3800 ਤੋਂ ਵੱਧ ਅਤੇ ਦਸਵੀਂ ਦੀ ਪ੍ਰੀਖਿਆ ਵਿੱਚੋਂ 1500 ਤੋਂ ਵੱਧ ਵਿਦਿਆਰਥੀ ਪੰਜਾਬੀ ਭਾਸ਼ਾ ਵਿੱਚੋਂ ਫੇਲ੍ਹ ਹੋ ਗਏ ਹਨ, ਪਰ ਹੁਣ ਵਿਭਾਗ ਬਿਨਾਂ ਸੋਚੇ ਸਮਝੇ ਅਤੇ ਅਧਿਆਪਕਾਂ ਨਾਲ ਸਲਾਹ ਕੀਤੇ ਬਿਨ੍ਹਾਂ ਹੀ ਤੇਲਗੂ ਭਾਸ਼ਾ ਸਿਖਾਉਣ ਲਈ ਅਧਿਆਪਕਾਂ ਨੂੰ ਮਜਬੂਰ ਕਰ ਰਿਹਾ ਹੈ| ਜੱਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜ੍ਹਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਕਿਹਾ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਸਿੱਖਿਆ ਦਾ ਪਹਿਲਾਂ ਹੀ ਵਿਭਾਗ ਵੱਲੋਂ ਨਿੱਤ ਨਵੇਂ ਨਵੇਂ ਤਜਰਬਿਆਂ ਕਾਰਨ ਭੱਠਾ ਬਿਠਾਇਆ ਜਾ ਰਿਹਾ ਹੈ ਉੱਥੇ ਵਿਭਾਗ ਵੱਲੋਂ ਅਧਿਆਪਕਾਂ ਨੂੰ ਹੋਰ ਕੰਮਾਂ ਵਿੱਚ ਉਲਝਾ ਕੇ ਵਿਦਿਆਰਥੀਆਂ ਦੀ ਪੜਾਈ ਦਾ ਵੱਡਾ ਨੁਕਸਾਨ ਕੀਤਾ ਜਾ ਰਿਹਾ| ਡੀ ਟੀ ਐਫ਼ ਦੇ ਸੀਨੀਅਰ ਆਗੂਆਂ ਗੁਰਤੇਜ ਉਭਾ, ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਕਿਹਾ ਕਿ ਵਿਦਿਆਰਥੀ ਇੱਕ ਹਫਤੇ ਵਿੱਚ ਕਿਵੇਂ ਕਿਸੇ ਹੋਰ ਭਾਸ਼ਾ ਨੂੰ ਸਿੱਖ ਸਕਦੇ ਹਨ ਜਿਸ ਨਾਲ ਉਹਨਾਂ ਦਾ ਕਦੇ ਵੀ ਵਾਹ ਵਾਸਤਾ ਨਹੀਂ ਪਿਆ| ਆਗੂਆਂ ਨੇ ਕਿਹਾ ਕਿ ਮਿਸ਼ਨ ਸਮਰੱਥ ਤਹਿਤ ਵਿਭਾਗ ਵੱਲੋਂ ਅੱਠਵੀਂ ਤੱਕ ਪੰਜਾਬੀ ਭਾਸ਼ਾ ਵਿੱਚ ਪਛੜੇ ਵਿਦਿਆਰਥੀਆਂ ਨੂੰ ਅੱਖਰ, ਸ਼ਬਦ ਬਾਰੇ ਗਿਆਨ ਦੇਣ ਲਈ ਪੜਨਾ ਲਿਖਣਾ ਸਿਖਾਇਆ ਜਾ ਰਿਹਾ ਹੈ| ਉਥੇ ਹੁਣ ਉਹਨਾਂ ਤੇ ਇਕ ਹੋਰ ਭਾਸ਼ਾ ਥੋਪਣਾ ਬਿਲਕੁਲ ਗੈਰ ਮਨੋਵਿਗਿਆਨਿਕ ਹੈ | ਉਹਨਾਂ ਸਰਕਾਰ ਨੂੰ ਆਪਣਾ ਫੈਸਲਾ ਵਾਪਸ ਲੈਣ ਦੀ ਅਪੀਲ ਕੀਤੀ |ਇਸ ਮੌਕੇ ਦਮਨਜੀਤ ਸਿੰਘ, ਮਨਦੀਪ ਕੋਟਲੀ, ਸਿਕੰਦਰ ਕੋਟਲੀ,ਨਵੀਨ ਬੋਹਾ,ਕੁਲਦੀਪ ਅੱ ਕਾ ਵਾ ਲੀ , ਅ ਮ ਰੀ ਕ ਬੋਹਾ,ਰਾਜ ਸਿੰਘ,ਨਵਜੋਸ਼ ਸਪੋਲੀਆ, ਸੰਦੀਪ ਧਰਮਪੁਰਾ, ਗੁਰਦੀਪ ਬਰਨਾਲਾ,ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ, ਬਲਕਾਰ ਸਿੰਘ,ਰਾਜਿੰਦਰ ਸਿੰਘ ਐਚ ਟੀ,ਗੁਰਦੀਪ ਝੰਡੂਕੇ, ਸੁਖਚੈਨ ਸੇਖੋਂ, ਮੱਘਰ ਸਿੰਘ, ਜਗਪਾਲ ਸਿੰਘ, ਅਰਵਿੰਦਰ ਸਿੰਘ, , ਅਮਨਦੀਪ ਕੌਰ, ਬੇਅੰਤ ਕੌਰ, ਖੁਸ਼ਵਿੰਦਰ ਕੌਰ , ,ਮਨਵੀਰ ਕੌਰ, ਗੁਰਜੀਤ ਮਾ ਨ ਸਾ , ਅ ਮ ਰ ਜੀ ਤ ਸਿੰ ਘ , ਸੁ ਖ ਵਿੰ ਦ ਰ ਗਾਮੀਵਾਲਾ, ਜਸਵਿੰਦਰ ਕਾਮਰੇਡ, ਰੋਹਿਤ ਬੁਰਜ ਹਰੀ, ਹਰਵਿੰਦਰ ਸਮਾਓ, ਮਨਦੀਪ ਕੁਮਾਰ, ਕੁਲਵਿੰਦਰ ਦਲੇਲਵਾਲਾ, ਬਲਜਿੰਦਰ ਦਲੇਲਵਾਲਾ, ਧਰਮ ਸਿੰਘ,ਆਦਿ ਅਧਿਆਪਕ ਵੀ ਆਗੂ ਹਾਜ਼ਰ ਸਨ |

# ਸੀਟੂ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ 139ਵਾਂ ਜ਼ਨਮ ਦਿਨ ਮਨਾਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com



ਸੰਗਰੂਰ,25 ਮਈ (ਜਗਸੀਰ ਲੌਂਗੋਵਾਲ ) - ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ (ਸੀਟੂ) ਨਾਲ ਸਬੰਧਤ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਰਜਿ:06/12 ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ 139 ਵਾਂ ਜ਼ਨਮ ਦਿਹਾੜਾ ਪਿੰਡ ਭੂਖੜੀ ਕਲਾਂ ਵਿਖੇ ਬਲਾਕ ਪ੍ਰਧਾਨ ਸਾਥੀ ਜਿੰਦਰ ਸਿੰਘ ਖਾਸੀ ਕਲਾਂ, ਸਕੱਤਰ ਹਰਜਿੰਦਰ ਸਿੰਘ ਸਲੇਮਪੁਰ, ਅਵਤਾਰ ਸਿੰਘ ਭੂਖੜੀ ਕਲਾਂ, ਸੋਮਨਾਥ ਬੌਂਕੜਾਂ ਦੀ ਅਗਵਾਈ ਵਿੱਚ ਮਨਾਇਆ ਗਿਆ।ਇਸ ਮੌਕੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਅਮਰਨਾਥ ਕੂੰਮਕਲਾਂ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਜੀਵਨ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਕਿਹਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਬਾਬਾ ਸੋਹਣ ਸਿੰਘ ਭਕਨਾ, ਹਰਨਾਮ ਸਿੰਘ ਟੁੰਡੀਲਾਟ, ਲਾਲਾ ਹਰਦਿਆਲ, ਪੰਡਿਤ ਕਾਂਸ਼ੀ ਰਾਮ ਮੜੌਲੀ ਦੀ ਅਗਵਾਈ ਵਿੱਚ ਸਾਮਰਾਜਵਾਦੀ ਸ਼ਕਤੀਆਂ ਵਿਰੁੱਧ ਗ਼ਦਰ ਪਾਰਟੀ ਬਣਾ ਕੇ ,ਗ਼ਦਰ ਲਹਿਰ ਉਸਾਰਕੇ ਸਾਮਰਾਜਵਾਦੀ ਸ਼ਕਤੀਆਂ ਨੂੰ ਵੰਗਾਰਿਆ ਉਹ ਅਜ਼ਾਦੀ ਦੀ ਲੜਾਈ ਵਿੱਚ ਸ਼ਹੀਦ ਹੋਣ ਵਾਲਿਆਂ ਵਿਚੋਂ ਸੱਭ ਤੋਂ ਛੋਟੀ ਉਮਰ ਦੇ ਸਹੀਦ ਸਨ। ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਉਨ੍ਹਾਂ ਨੂੰ ਅਪਣੇ ਗੁਰੂ ਮੰਨਦੇ ਸਨ। ਉਨ੍ਹਾਂ ਨੂੰ ਸ਼ਰਧਾਂਜਲੀ ਅਤੇ ਸਤਿਕਾਰ ਭੇਂਟ ਕਰਦਿਆਂ ਲੱਡੂ ਵੰਡ ਕੇ ਸ਼ਹੀਦ ਕਰਤਾਰ ਸਿੰਘ ਦਾ ਜ਼ਨਮ ਦਿਨ ਮਨਾਇਆ। ਸਾਥੀ ਕੂੰਮਕਲਾਂ ਨੇ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਮਾਨ ਸਰਕਾਰ ਦੀ ਅਲੋਚਨਾਂ ਕਰਦਿਆਂ ਕਿਹਾ ਕਿ ਮਜ਼ਦੂਰ ਜਮਾਤ ਵੱਲੋਂ ਕੁਰਬਾਨੀਆਂ ਕਰਕੇ ਪ੍ਰਾਪਤ ਕੀਤੇ ਹੱਕਾਂ ਅਤੇ ਅਧਿਕਾਰਾਂ ਨੂੰ ਖਤਮ ਕਰਕੇ ਦੇਸੀ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ , ਲੋਕ ਹਿੱਤਾਂ ਦਾ ਘਾਣ ਕਰਨ ਜਾ ਰਹੀਆਂ ਹਨ।ਇਸ ਲਈ ਉਨ੍ਹਾਂ ਮਜ਼ਦੂਰ -ਕਿਸਾਨ ਲਹਿਰ ਨੂੰ ਮਜ਼ਬੂਤ ਕਰਨ ਲਈ ਹੋਕਾ ਦਿੰਦਿਆਂ ਕਿਹਾ ਕਿ "ਸਰਕਾਰਾਂ ਤੇ ਨਾਂ ਝਾਕ ਕਰੋ, ਅਪਣੀ ਰਾਖੀ ਆਪ ਕਰੋ" ਉਨ੍ਹਾਂ ਕੇਂਦਰ ਦੀ ਮੋਦੀ ਸਰਕਾਰ ਦੀਆਂ ਮਜ਼ਦੂਰ ਮਾਰੂ ਨੀਤੀਆਂ ਵਿਰੁੱਧ 10 ਕੇਂਦਰੀ ਟਰੇਡ ਯੂਨੀਅਨਾਂ ਅਤੇ 60 ਮੁਲਾਜ਼ਮ ਫੈਡਰੇਸ਼ਨਾਂ ਦੇ ਸੱਦੇ ਤੇ ਦੇਸ਼ ਵਿਆਪੀ ਹੜਤਾਲ ਨੂੰ ਕਾਮਯਾਬ ਕਰਨ ਦੀ ਅਪੀਲ ਕੀਤੀ ਅਤੇ ਮਨਰੇਗਾ ਕਾਨੂੰਨ ਨੂੰ ਹੂਬਹੂ ਲਾਗੂ ਕਰਵਾਉਣ ਲਈ ਇੱਕ ਜੁੱਟ-ਇੱਕ ਮੁੱਠ ਹੋਕੇ ਜੱਥੇਬੰਦੀ ਨੂੰ ਮਜ਼ਬੂਤ ਕਰਨ ਲਈ ਪੁਰਜ਼ੋਰ ਅਪੀਲ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਥੀ ਚਰਨ ਸਿੰਘ ਸਾਬਕਾ ਸਰਪੰਚ ਭੂਖੜੀ ਕਲਾਂ, ਬਲਵਿੰਦਰ ਸਿੰਘ ਭਾਮੀਆਂ ਕਲਾਂ, ਹਰਮਿੰਦਰ ਸਿੰਘ ਭਾਮੀਆਂ ਕਲਾਂ, ਪਰਮਜੀਤ ਸਿੰਘ ਖਾਸੀ ਕਲਾਂ, ਅਮਰਜੀਤ ਗਾਗੂ ਭੂਖੜੀ ਕਲਾਂ ਆਦਿ ਹਾਜ਼ਰ ਸਨ।

# ਸੀ ਪੀ ਆਈ ਦੀ 25 ਵੀਂ ਪਾਰਟੀ ਕਾਂਗਰਸ ਚੰਡੀਗੜ੍ਹ ਨੂੰ ਮਿਲ ਰਿਹਾ ਭਰਪੂਰ ਹੁੰਗਾਰਾ, ਗੁਰਬਚਨ ਸਿੰਘ ਮੰਦਰਾਂ ਵੱਲੋਂ 50 ਹਜ਼ਾਰ ਰੁਪਏ ਦਾ ਪਾਇਆ ਯੋਗਦਾਨ ,,ਅਰਸ਼ੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com



ਮਾਨਸਾ 25 ਮਈ(ਆਤਮਾ ਸਿੰਘ ਪਮਾਰ )ਸੀ ਪੀ ਆਈ ਦੀ 25 ਵੀਂ ਪਾਰਟੀ ਕਾਂਗਰਸ ਦੀਆਂ ਤਿਆਰੀਆਂ ਲਈ ਫੰਡ ਮੁਹਿੰਮ ਨੂੰ ਜ਼ਿਲੇ ਚੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ।,ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਦੀ ਅਗਵਾਈ ਹੇਠ ਮਾਸਟਰ ਗੁਰਬਚਨ ਸਿੰਘ ਮੰਦਰਾਂ ਜ਼ੋ ਟੀਚਰ ਹੋਮ ਬਠਿੰਡਾ ਦੇ ਮੌਜੂਦਾ ਪ੍ਰਧਾਨ ਵੀ ਹਨ ਨੇ 50 ਹਜ਼ਾਰ ਰੁਪਏ ਦਾ ਯੋਗਦਾਨ ਪਾਇਆ ਹੈ। ਮਾਸਟਰ ਗੁਰਬਚਨ ਸਿੰਘ ਮੰਦਰਾਂ ਅਧਿਆਪਕ ਦੀ ਜਿੰਮੇਵਾਰੀ ਦੇ ਨਾਲ ਨਾਲ ਅਧਿਆਪਕ ਜੱਥੇਬੰਦੀ ਦੇ ਵੱਡੇ ਕੱਦ ਦੇ ਆਗੂ ਵੀ ਰਹੇ ਹਨ, ਕਈ ਸਾਲ ਲਗਾਤਾਰ ਗੌਰਮਿੰਟ ਟੀਚਰਜ਼ ਯੂਨੀਅਨ ਬਲਾਕ ਬੁਢਲਾਡਾ ਦੇ ਪ੍ਰਧਾਨ ਰਹੇ ਹਨ। ਉਨ੍ਹਾਂ ਦਾ ਪਿੰਡ ਆਲਮਪੁਰ ਮੰਦਰਾਂ ਮੁਜਾਰਿਆਂ ਦਾ ਪਿੰਡ ਹੈ, ਇੱਥੇ ਵੀ ਲਾਲ ਪਾਰਟੀ ਦਾ ਤਕੜਾ ਪ੍ਰਭਾਵ ਹੋਣ ਕਰਕੇ ਬਿਸਵੇਦਾਰੀ ਬਟਾਈ ਪ੍ਰਥਾ ਖਤਮ ਕੀਤੀ ਗਈ। ਇਸ ਪਿੰਡ ਦੇ ਜੱਥੇਦਾਰ ਬਲਵੰਤ ਸਿੰਘ ਸਮੇਤ ਕਈ ਨਾਮੀ ਕਮਿਊਨਿਸਟ ਆਗੂ ਹੋਏ ਹਨ, ਜਿਨ੍ਹਾਂ ਵਿੱਚ ਸਵਰਗੀ ਮਾਸਟਰ ਬਲਵੀਰ ਸਿੰਘ ਤੇ ਮਾਸਟਰ ਗੁਰਬਚਨ ਸਿੰਘ ਦੇ ਨਾਮ ਚੋਣਵੇਂ ਆਗੂਆਂ 'ਚ ਸ਼ੁਮਾਰ ਹੈ।

ਕਮਿਊਨਿਸਟ ਲਹਿਰ ਵਿੱਚ ਦੋਵਾਂ ਸਖਸ਼ੀਅਤਾਂ ਦੀ ਦੇਣ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਅੰਕਿਤ ਹੋਵੇਗੀ। ਮਾੜੀ ਸਿਹਤ ਦੇ ਬਾਵਜੂਦ ਵੀ ਮਾਸਟਰ ਗੁਰਬਚਨ ਸਿੰਘ ਜੀ ਟੀਚਰ ਹੋਮ ਬਠਿੰਡਾ ਦੀ ਜਿੰਮੇਵਾਰੀ ਬਾਖੂਬੀ ਨਿਭਾ ਰਹੇ ਹਨ, ਪਿੰਡ ਦੀ ਪਾਰਟੀ ਬ੍ਰਾਂਚ ਦੀ ਹਰ ਸੰਭਵ ਮੱਦਦ ਕਰਦੇ ਹਨ, ਜਦੋਂ ਵੀ ਪਾਰਟੀ ਨੂੰ ਫੰਡ ਦੀ ਲੋੜ ਪਈ ਤਾਂ ਇਨ੍ਹਾਂ ਨੇ ਵੱਧ ਤੋਂ ਵੱਧ ਸਹਿਯੋਗ ਦਿੱਤਾ ਹੈ।

ਸਤੰਬਰ ਵਿੱਚ ਹੋ ਰਹੀ 25ਵੀਂ ਪਾਰਟੀ ਕਾਂਗਰਸ ਦੇ ਪ੍ਰਬੰਧਾਂ ਲਈ ਮਾਲੀ ਮੱਦਦ ਲਈ ਕਾਮਰੇਡ ਅਰਸ਼ੀ ਨੇ ਅਪੀਲ ਕੀਤੀ ਤਾਂ ਉਨ੍ਹਾਂ ਨੇ ਤੁਰੰਤ ਪੰਜਾਹ ਹਜ਼ਾਰ ਕੱਢ ਅਰਸ਼ੀ ਸਾਹਿਬ ਦੇ ਸੁਪਰਦ ਕਰਦਿਆਂ ਕਿਹਾ ਕਿ ਇਹ ਮੇਰੀ ਪਹਿਲੀ ਕਿਸ਼ਤ ਹੈ, ਮੈਂ ਹੋਰ ਵੀ ਯੋਗਦਾਨ ਪਾਵਾਂਗਾ।

ਇਸ ਸਮੇਂ ਪਾਰਟੀ ਦੇ ਸੀਨੀਅਰ ਆਗੂ ਤੇ ਜ਼ਿਲ੍ਹਾ ਕਿਸਾਨ ਸਭਾ ਜਨਰਲ ਸਕੱਤਰ ਮਲਕੀਤ ਸਿੰਘ ਮੰਦਰਾਂ ਵੀ ਮੌਜੂਦ ਸਨ।

# ਇਨਕਲਾਬੀ ਜਥੇਬੰਦੀਆਂ ਅਤੇ ਖੱਬੀਆਂ ਪਾਰਟੀਆਂ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ 10 ਜੂਨ ਨੂੰ ਕਨਵੈਨਸ਼ਨ ਕਰਨ ਦਾ ਐਲਾਨ

**ਆਦਿਵਾਸੀਆਂ ਨੂੰ ਵੱਡੀ ਪੱਧਰ ਤੇ ਮਾਰਨ ਜਾਂ ਜੇਲਾਂ ਅੰਦਰ ਡੱਕਣ ਦਾ ਸਖ਼ਤ ਵਿਰੋਧ, ਕੇਂਦਰ ਸਰਕਾਰ ਵੱਲੋਂ ਮਾਉਵਾਦੀਆਂ-ਨਕਸਲਾਈਟਾਂ ਦੇ ਖ਼ਾਤਮੇ ਦੇ ਬਹਾਨੇ ਜਲ-ਜੰਗਲ਼ ਜ਼ਮੀਨ ਤੇ ਹੋਰ ਕੁਦਰਤੀ ਸਰੋਤਾਂ ਨੂੰ ਕਾਰਪੋਰੇਟਾ ਨੂੰ ਸੌਂਪਣ ਦਾ ਸਖ਼ਤ ਵਿਰੋਧ , ਪੰਜਾਬ ਸਰਕਾਰ ਵੱਲੋਂ 24000 ਹਜ਼ਾਰ ਏਕੜ ਜ਼ਮੀਨ ਤੇ ਕਬਜ਼ਾ ਕਰਕੇ ਉਜਾੜਣ ਦਾ ਸਖ਼ਤ ਵਿਰੋਧ , ਜੰਗੀਰਦਾਰਾਂ ਦੀਆਂ ਜ਼ਮੀਨਾਂ ਇਕੁਆਇਰ ਕਰਕੇ ਬੇਜ਼ਮੀਨੇ ਕਿਸਾਨਾਂ ਤੇ ਮਜ਼ਦੂਰਾਂ ਵਿੱਚ ਵੰਡਣ ਦੀ ਮੰਗ**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com



ਦਲਜੀਤ ਕੌਰ

ਜਲੰਧਰ/ਚੰਡੀਗੜ੍ਹ, 25 ਮਈ, 2025: ਕੇਂਦਰ ਦੀ ਬੀਜੇਪੀ ਦੀ ਅਗਵਾਈ ਵਾਲੀ ਸਰਕਾਰ ਮਾਉਵਾਦੀਆਂ ਤੇ ਨਕਸਲਾਈਟਾਂ ਦੇ ਖ਼ਾਤਮੇ ਦੇ ਬਹਾਨੇ ਜੰਗਲ਼ ਤੇ ਉੱਥੋਂ ਦੇ ਕੁਦਰਤੀ ਸਰੋਤਾਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦਾ ਕੰਮ ਕਰ ਰਹੀ ਹੈ। ਖੱਬੀਆਂ ਪਾਰਟੀਆਂ ਤੇ ਇਨਕਲਾਬੀ ਜਥੇਬੰਦੀਆਂ ਵੱਲੋਂ ਇਸ ਅਹਿਮ ਮਸਲੇ ਤੇ ਵਿਚਾਰ ਕਰਕੇ 10 ਜੂਨ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿਖੇ ਸੂਬਾਈ ਕਨਵੈਨਸ਼ਨ ਕਰਨ ਦਾ ਫੈਸਲਾ ਲਿਆ ਗਿਆ।

ਇਹ ਫੈਸਲਾ ਆਰ ਐੱਮ ਪੀ ਆਈ ਦੇ ਕੌਮੀ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਸੀ ਪੀ ਦੇ ਸੁਬਾਈ ਆਗੂ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸੀ ਪੀ ਆਈ ਐੱਮ ਐੱਲ (ਨਿਊ ਡੈਮੋਕਰੇਸੀ) ਦੇ ਸੂਬਾਈ ਆਗੂ ਅਜਮੇਰ ਸਿੰਘ, ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਸੂਬਾਈ ਆਗੂ ਗੁਰਮੀਤ ਸਿੰਘ ਬਖਤਪੁਰਾ, ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾਈ ਆਗੂ ਕੰਵਲਜੀਤ ਖੰਨਾ, ਲੋਕ ਸੰਗਰਾਮ ਮੋਰਚਾ ਦੇ ਸੂਬਾਈ ਆਗੂ ਰਜੇਸ਼ ਮਲਹੋਤਰਾ ਅਤੇ ਯੂ ਸੀ ਪੀ ਆਈ ਦੇ ਸੂਬਾ ਆਗੂ ਕਿਰਨਜੀਤ ਸਿੰਘ ਸੇਖੋਂ ਆਦਿ ਖੱਬੀਆਂ ਪਾਰਟੀਆਂ ਦੇ ਆਗੂਆਂ ਵੱਲੋਂ ਲਿਆ ਗਿਆ। ਮੀਟਿੰਗ ਵਿੱਚ ਕੇਂਦਰ ਦੀ ਸਰਕਾਰ ਵੱਲੋਂ ਮਾਉਵਾਦੀ ਤੇ ਨਕਸਲਬਾੜੀ ਨੂੰ ਖ਼ਤਮ ਕਰਨ ਦੀ ਨੀਤੀ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ। ਹਕੀਕਤ ਇਹ ਹੈ ਕਿ ਸਰਕਾਰ ਜਲ ਜੰਗਲ ਤੇ ਉੱਥੇ ਪਾਏ ਜਾਂਦੇ ਕੁਦਰਤੀ ਸਰੋਤਾਂ ਨੂੰ ਕਾਰਪੋਰੇਟਾਂ ਨੂੰ ਵੇਚੀ ਜਾ ਰਹੀ ਹੈ। ਮਾਉਵਾਦੀ ਤੇ ਨਕਸਲਾਈਟ ਸਰਕਾਰ ਦੀ ਇਸ ਨੀਤੀ ਦੀ ਵਿਰੋਧਤਾ ਕਰਦੇ ਹਨ। ਸਰਕਾਰ ਵਿਰੋਧ ਕਰਨ ਵਾਲੇ ਲੋਕਾਂ ਦਾ ਕਤਲੇਆਮ ਕਰ ਰਹੀ ਹੈ। ਛਤੀਸਗੜ੍ਹ, ਬਸਤਰ ਆਦਿ ਇਲਾਕਿਆਂ ਵਿੱਚ ਸਰਕਾਰ ਨੇ ਮਾਉਵਾਦੀਆਂ ਦੇ ਨਾਮ ਤੇ ਆਦਿਵਾਸੀਆਂ ਨੂੰ ਵੀ ਵੱਡੀ ਪੱਧਰ ਤੇ ਮਾਰਨ ਜਾਂ ਜੇਲਾਂ ਅੰਦਰ ਡੱਕਣ ਦਾ ਕੰਮ ਕੀਤਾ ਹੈ। ਪਿੰਡਾਂ ਦੇ ਪਿੰਡ ਖ਼ਾਲੀ ਹੋ ਗਏ ਹਨ। ਆਦਿਵਾਸੀਆਂ ਦੇ ਬੱਚਿਆਂ ਤੇ ਸਰਕਾਰ ਵੱਲੋਂ ਜ਼ੁਲਮ ਢਾਹਿਆ ਜਾ ਰਿਹਾ ਹੈ। ਇਸੇ ਤਰ੍ਹਾਂ ਬੇਜ਼ਮੀਨੇ ਕਿਸਾਨਾਂ ਤੇ ਮਜ਼ਦੂਰਾਂ ਨੇ ਸੰਗਰੂਰ ਇਲਾਕੇ ਵਿੱਚ ਜਗੀਰਦਾਰਾਂ ਦੀਆਂ ਜ਼ਮੀਨਾਂ ਇਕੁਆਇਰ ਕਰਕੇ ਬੇਜ਼ਮੀਨੇ ਕਿਸਾਨਾਂ ਤੇ ਮਜ਼ਦੂਰਾਂ ਵਿੱਚ ਵੰਡਣ ਲਈ ਸੰਘਰਸ਼ ਸ਼ੁਰੂ ਕੀਤਾ ਹੈ। ਇਸ ਸੰਘਰਸ਼ ਨੂੰ ਰੋਕਣ ਲਈ ਪੰਜਾਬ ਸਰਕਾਰ ਨੇ ਵੱਡੀ ਪੱਧਰ ਤੇ ਕਿਸਾਨ ਮਰਦਾਂ ਤੇ ਔਰਤਾਂ ਨੂੰ ਜੇਲ੍ਹੀਂ ਡੱਕਿਆ ਹੋਇਆ ਹੈ। ਮੀਟਿੰਗ ਦੀ ਪੁਰਜ਼ੋਰ ਮੰਗ ਹੈ ਕਿ ਸਰਕਾਰ ਜ਼ਮੀਨਾਂ ਇਕੁਆਇਰ ਕਰਕੇ ਬੇਜ਼ਮੀਨੇ ਲੋਕਾਂ ਨੂੰ ਦੇਵੇ ਜੋ ਕਿਸਾਨ ਮਰਦ ਤੇ ਔਰਤਾਂ ਜੇਲ੍ਹਾਂ ਵਿੱਚ ਹਨ, ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ। ਇਸੇ ਤਰ੍ਹਾਂ ਪੰਜਾਬ ਸਰਕਾਰ ਦੇ ਮਹਿਕਮੇ ਗਲਾਡਾ ਨੇ 24000 ਹਜ਼ਾਰ ਏਕੜ ਜ਼ਮੀਨ ਤੇ ਕਬਜ਼ਾ ਕਰਨ ਦੀ ਠਾਣੀ ਹੋਈ ਹੈ। ਸਰਕਾਰ ਦੀ ਇਸ ਲੋਕ ਉਜਾੜੂ ਨੀਤੀ ਵਿੱਚ ਲੁਧਿਆਣਾ ਦੇ 41 ਪਿੰਡ, 5 ਮੋਗਾ, 3 ਫਿਰੋਜ਼ਪੁਰ ਅਤੇ ਇੱਕ ਪਿੰਡ ਨਵਾਂ ਸ਼ਹਿਰ ਦਾ ਆਉਂਦਾ ਹੈ। ਇਹ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ ਕਿ ਸਰਕਾਰ ਦੀ ਇਸ ਨੀਤੀ ਕਿੰਨੇ ਲੋਕ ਬੇਰੁਜ਼ਗਾਰ ਹੋਣਗੇ। ਇਨ੍ਹਾਂ ਮਸਲਿਆਂ ਨੂੰ ਲੈਕੇ ਖੱਬੀਆਂ ਪਾਰਟੀਆਂ ਤੇ ਇਨਕਲਾਬੀ ਜਥੇਬੰਦੀਆਂ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਵਿਖੇ ਕਨਵੈਨਸ਼ਨ ਕਰਨ ਤੋਂ ਬਾਅਦ ਰੋਹ ਭਰਪੂਰ ਮਾਰਚ ਵੀ ਕੀਤਾ ਜਾਵੇਗਾ। ਮੀਟਿੰਗ ਵਿੱਚ ਰਣਜੀਤ ਸਿੰਘ ਔਲਖ, ਪਰਗਟ ਸਿੰਘ ਜਾਮਾਰਾਏ ਤੇ ਕੁਲਵਿੰਦਰ ਸਿੰਘ ਵੜੈਚ ਵੀ ਹਾਜ਼ਰ ਸਨ।

# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਮੈਮੋਰੀਅਲ ਐਜੂਕੇਸ਼ਨਲ ਟਰੱਸਟ ਸਿੰਘਪੁਰ ਦੀ ਮੀਟਿੰਗ ਹੋਈ

**• ਕਿਲ੍ਹੇ ਨੂੰ ਵਿਰਾਸਤੀ ਦਿੱਖ ਪ੍ਰਦਾਨ ਕਰਨ ਲਈ ਮਾਹਿਰ ਅਰਕੀਟੈਕਚਰਾਂ ਤੇ ਇੰਜੀਨੀਅਰਾਂ ਦੀ ਟੀਮ ਨੇ ਕੀਤਾ ਦੌਰਾ**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ, 25 ਮਈ (ਤਰਸੇਮ ਦੀਵਾਨਾ )

ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਮੈਮੋਰੀਅਲ ਐਜੂਕੇਸ਼ਨਲ ਟਰੱਸਟ ਸਿੰਘਪੁਰ (ਮੁਕੇਰੀਆਂ ਦਸੂਹਾ) ਜ਼ਿਲ੍ਹਾ ਹੁਸ਼ਿਆਰਪੁਰ ਦੀ ਮੀਟਿੰਗ ਹਰਬੰਸ ਸਿੰਘ ਟਾਂਡਾ ਦੀ ਪ੍ਰਧਾਨਗੀ ਹੇਠ ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਸਿੰਘਪੁਰ ਵਿਖ਼ੇ ਹੋਈ ਜਿਸ ਵਿੱਚ ਹਰਦੇਵ ਸਿੰਘ ਕੌਂਸਲ ਚੇਅਰਮੈਨ ਅਤੇ ਪ੍ਰਦੀਪ ਸਿੰਘ ਪਲਾਹਾ ਵਾਈਸ ਚੇਅਰਮੈਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ | ਇਸ ਮੀਟਿੰਗ ਵਿੱਚ ਕਿਲ੍ਹੇ ਦੇ ਨਵਉਸਾਰੀ ਕਾਰਜਾਂ ਅਤੇ ਵਿਰਾਸਤੀ ਦਿੱਖ ਪ੍ਰਦਾਨ ਕਰਨ ਲਈ ਆਰੰਭ ਕੀਤੇ ਜਾਣ ਵਾਲੇ ਵੱਖ ਵੱਖ ਪ੍ਰੋਜੈਕਟਾਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਵਿਸ਼ੇਸ਼ ਤੌਰ 'ਤੇ ਬੁਲਾਏ ਮਾਹਿਰ ਅਰਕੀਟੇਕਟਾਂ ਤੇ ਇੰਟੀਰੀਅਰ ਡਿਜ਼ਾਈਨਰਾਂ ਪ੍ਰਭਸਿਮਰਨ ਸਿੰਘ ਪਟਿਆਲਾ,ਮੈਡਮ ਪ੍ਰੀਤੀ ਸਿੰਘ ਹੁਸ਼ਿਆਰਪੁਰ, ਗੁਰਦੇਵ ਸਿੰਘ ਦਿੱਲੀ, ਚੰਨੀ ਟਕੌਲੀਆ ਜਲੰਧਰ ਤੇ ਮੱਖਣ ਸਿੰਘ ਮੁਕੇਰੀਆਂ ਦਾ ਭਰਵਾਂ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ ਗਈ | ਇਸ ਮੀਟਿੰਗ ਮੌਕੇ ਚੇਅਰਮੈਨ ਹਰਦੇਵ ਸਿੰਘ ਕੌਂਸਲ ਵੱਲੋਂ ਹਾਜ਼ਿਰ ਟਰੱਸਟ ਮੈਂਬਰਾਂ ਦੀ ਸਲਾਹ ਨਾਲ ਗੁਰਦੇਵ ਸਿੰਘ ਦਿੱਲੀ ਨੂੰ ਰਾਮਗੜ੍ਹੀਆ ਕੌਮ ਦਾ ਇਤਿਹਾਸ ਲਿਖਣ, ਪ੍ਰਭ ਸਿਮਰਨ ਸਿੰਘ ਪਟਿਆਲਾ ਨੂੰ ਕਿਲ੍ਹੇ ਦੇ ਗੇਟ ਦਾ ਡਿਜ਼ਾਇਨ ਤਿਆਰ ਕਰਨ,ਮੈਡਮ ਪ੍ਰੀਤੀ ਸਿੰਘ ਹੁਸ਼ਿਆਰਪੁਰ ਨੂੰ ਮੀਟਿੰਗ ਹਾਲ ਅਤੇ ਸਟੈਚੂ ਦੇ ਫਾਉਂਡੇਸ਼ਨ ਦਾ ਨਕਸ਼ਾ ਤਿਆਰ ਕਰਨ, ਚੰਨੀ ਟਕੌਲੀਆ ਜਲੰਧਰ ਨੂੰ ਇਤਿਹਾਸਕ ਵਸਤਾਂ ਅਤੇ ਇਤਿਹਾਸ ਨੂੰ ਸਾਂਭਣ ਲਈ ਮਿਊਜ਼ੀਅਮ ਦਾ ਡਿਜ਼ਾਇਨ ਤਿਆਰ ਕਰਨ,ਮੱਖਣ ਸਿੰਘ ਮੁਕੇਰੀਆਂ ਨੂੰ ਇਤਿਹਾਸਕ ਖੂਹ ਤੇ ਮੀਨਾਰ ਅਤੇ ਨਿਸ਼ਾਨ ਸਾਹਿਬ ਦੇ ਥੜ੍ਹੇ ਦਾ ਡਿਜ਼ਾਈਨ ਤਿਆਰ ਕਰਨ ਦੀਆਂ ਸੇਵਾਵਾਂ ਸੌਂਪੀਆਂ ਗਈਆਂ ਅਤੇ ਟਰੱਸਟ ਵੱਲੋਂ ਇਹਨਾਂ ਪੰਜਾਂ ਆਰਟੀਟੈਕਟਸ ਨੂੰ ਪੱਕੇ ਮੈਂਬਰ ਬਣਾਇਆ ਗਿਆ ਇਹਨਾਂ ਸਮੂੰਹ ਨਵੇਂ ਮੈਂਬਰਾਂ ਨੇ ਇਸ ਇਤਿਹਾਸਕ ਜਗ੍ਹਾ ਦੀ ਸ਼ਲਾਘਾ ਕੀਤੀ ਤੇ ਸਮੁਚੇ ਕਿਲ੍ਹੇ ਦਾ ਨਿਰੀਖਣ ਕੀਤਾ ਉਪਰੰਤ ਇਨ੍ਹਾਂ ਸਾਰੇ ਨਵੇਂ ਟਰੱਸਟ ਮੈਂਬਰਾਂ ਨੂੰ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਸਨਮਾਨਿਤ ਕੀਤਾ ਗਿਆ | ਇਹਨਾਂ ਮੈਂਬਰਾਂ ਵੱਲੋਂ ਭਰੋਸਾ ਦਿੱਤਾ ਗਿਆ ਕਿ ਬਹੁਤ ਜਲਦੀ ਮਿਲੀਆਂ ਜ਼ਿੰਮੇਵਾਰੀਆਂ 'ਤੇ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ | ਇਸ ਮੀਟਿੰਗ ਵਿੱਚ ਵਾਈਸ ਚੇਅਰਮੈਨ ਪ੍ਰਦੀਪ ਸਿੰਘ ਪਲਾਹਾ, ਹਰਬੰਸ ਸਿੰਘ ਟਾਂਡਾ ਪ੍ਰਧਾਨ,ਦਵਿੰਦਰ ਸਿੰਘ ਜਨਰਲ ਸਕੱਤਰ, ਲਖਵੀਰ ਸਿੰਘ ਕੈਸ਼ੀਅਰ,ਕਾਬਲ ਸਿੰਘ ਜਨਰਲ ਮੈਨੇਜਰ, ਜਸਵੰਤ ਸਿੰਘ ਭੇਗਲ, ਦਲਜੀਤ ਸਿੰਘ ਦਸੂਹਾ, ਸ਼ਰਨਜੀਤ ਸਿੰਘ ਮੁਕੇਰੀਆਂ,ਗੁਰਮੁਖ ਸਿੰਘ ਸਿੰਘਪੁਰ,ਬੱਬੂ ਘੋਗਰਾ ਅਤੇ ਬੀਬੀਆਂ ਦਾ ਜੱਥਾ ਹਾਜ਼ਰ ਸਨ ।

# ਸੁਨਾਮ ਸਰਹੰਦੀ ਚੋਅ ਤੇ ਲੌਂਗੋਵਾਲ ਵਾਲੀ ਡਰੇਨ ਦੀ ਜਲਦ ਸਫਾਈ ਕਰਵਾਏ ਸਰਕਾਰ: ਮੈਡਮ ਦਾਮਨ ਬਾਜਵਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com



ਸੁਨਾਮ ਊਧਮ ਸਿੰਘ ਵਾਲਾ,25 ਮਈ ( ਜਗਸੀਰ ਸਿੰਘ)- ਸੁਨਾਮ-ਸੰਗਰੂਰ ਰੋਡ ਸਰਹਿੰਦੀ ਚੋਅ ਤੇ ਪਹੁੰਚੇ ਭਾਜਪਾ ਦੀ ਸੂਬਾ ਸਕੱਤਰ ਮੈਡਮ ਦਾਮਨ ਬਾਜਵਾ ਨੇ ਕਿਹਾ ਕਿ ਜੂਨ ਜੁਲਾਈ ਬਰਸਾਤਾਂ ਦੇ ਦਿਨ ਬਿਲਕੁਲ ਨੇੜੇ ਲੱਗ ਗਏ ਹਨ ਅਜੇ ਤੱਕ ਮੌਜੂਦਾ ਪੰਜਾਬ ਸਰਕਾਰ ਤੇ ਜਿਲ੍ਹਾ ਪ੍ਰਸ਼ਾਸਨ ਵੱਲੋਂ ਸਰਹੰਦੀ ਚੋਅ ਅਤੇ ਲੌਂਗੋਵਾਲ ਵਾਲੀ ਡਰੇਨ ਦੀ ਸਫਾਈ ਨਹੀਂ ਕਰਵਾਈ ਗਈ ।ਦਾਮਨ ਬਾਜਵਾ ਨੇ ਦੱਸਿਆ ਕਿ ਜੂਨ-ਬਰਸਾਤ ਦੇ ਮੌਸਮ ਵਿੱਚ ਜਦੋਂ ਪੂਰੇ ਪੰਜਾਬ ਵਿੱਚ ਬਰਸਾਤ ਹੁੰਦੀ ਹੈ ਤਾਂ ਪਿੱਛੇ ਸਾਰਾ ਪਾਣੀ ਇਕੱਠਾ ਹੋ ਕੇ ਇਸ ਸਰਹਿੰਦੀ ਚੋਅ ਰਾਹੀਂ ਅੱਗੇ ਜਾਂਦਾ ਹੈ ਇਸ ਚੋਏ ਦੀ ਸਫ਼ਾਈ ਨਾ ਹੋਣ ਕਰਕੇ ਇਸ ਵਿੱਚ ਖੜੀ ਘਾਹ ਬੂਟੀ ਪਾਣੀ ਲੰਘਣ ਵਿੱਚ ਰੁਕਾਵਟ ਪੈਦਾ ਕਰਦੀ ਹੈ ਅਤੇ ਪਾਣੀ ਓਵਰ ਫਲੋ ਹੋ ਕੇ ਹੜ੍ਹ ਵਰਗੀ ਸਥਿਤੀ ਪੈਦਾ ਕਰ ਦਿੰਦਾ ਹੈ। ਜੇਕਰ ਇਸ ਚੋਅ ਅਤੇ ਡਰੇਨ ਦੀ ਸਫਾਈ ਸਮੇਂ ਸਿਰ ਹੋਈ ਹੋਵੇ ਤਾਂ ਪਾਣੀ ਬਿਨਾਂ ਰੁਕਾਵਟ ਅੱਗੇ ਲੰਘਦਾ ਜਾਵੇਗਾ।

ਦਾਮਨ ਬਾਜਵਾ ਨੇ ਕਿਹਾ ਕਿ ਜੇਕਰ ਸਰਹਿੰਦੀ ਚੋਏ ਅਤੇ ਲੌਂਗੋਵਾਲ ਡਰੇਨ ਦੀ ਸਫਾਈ ਸਹੀ ਢੰਗ ਨਾਲ ਅਤੇ ਸਹੀ ਟਾਈਮ ਰਹਿੰਦੇ ਨਹੀਂ ਹੋਈ ਤਾਂ ਬਰਸਾਤਾਂ ਦੇ ਦਿਨਾਂ ਵਿੱਚ ਪਾਣੀ ਓਵਰ ਫਲੋ ਹੋ ਕੇ ਕਿਸਾਨ ਭਰਾਵਾਂ ਦਾ ਬਹੁਤ ਜਿਆਦਾ ਨੁਕਸਾਨ ਕਰੇਗਾ, ਨੇੜਲੇ ਪਿੰਡਾਂ ਅਤੇ ਖਾਸ ਕਰਕੇ ਇਸ ਓਵਰ ਫਲੋ ਪਾਣੀ ਦੀ ਮਾਰ ਸੁਨਾਮ ਊਧਮ ਸਿੰਘ ਵਾਲਾ ਸ਼ਹਿਰ ਅਤੇ ਲੌਂਗੋਵਾਲ ਡਰੇਨ ਦੇ ਓਵਰ ਫਲੋ ਹੋਣ ਨਾਲ ਲੌਂਗੋਵਾਲ ਸ਼ਹਿਰ ਨੂੰ ਝੱਲਣੀ ਪਵੇਗੀ ।

ਦਾਮਨ ਬਾਜਵਾ ਨੇ ਕਿਹਾ ਕਿ ਹੁਣ ਤੱਕ ਇਸ ਸਫਾਈ ਦਾ ਕੰਮ ਮੁਕੰਮਲ ਹੋ ਜਾਣਾ ਚਾਹੀਦਾ ਸੀ ਕਿਉਂਕਿ ਜਦੋਂ ਮੀਂਹ ਪੈਂਦਾ ਹੈ ਤੇ ਚੋਏ ਵਿੱਚ ਪਾਣੀ ਖੜ ਜਾਂਦਾ ਹੈ ਫਿਰ ਉੱਥੇ ਸਫਾਈ ਨਹੀਂ ਕੀਤੀ ਜਾ ਸਕਦੀ ਸਫਾਈ ਉਦੋਂ ਹੀ ਹੁੰਦੀ ਹੈ ਜਦੋਂ ਚੋਏ ਅਤੇ ਡਰੇਨ ਸੁੱਕੇ ਹੁੰਦੇ ਹਨ।

ਦਾਮਨ ਬਾਜਵਾ ਨੇ ਸਮੁੱਚੇ ਪ੍ਰਸ਼ਾਸਨ ਨੂੰ ਅਤੇ ਮੌਜੂਦਾ ਪੰਜਾਬ ਸਰਕਾਰ ਨੂੰ ਅਤੇ ਮੌਜੂਦਾ ਸਰਕਾਰ ਦੇ ਇਲਾਕੇ ਦੇ ਲੀਡਰਾਂ ਨੂੰ ਬੇਨਤੀ ਕੀਤੀ ਹੈ ਕਿ ਬਾਅਦ ਵਿੱਚ ਬਰਸਾਤਾਂ ਦੇ ਟਾਈਮ ਸਫਾਈ ਦੀਆਂ ਖਾਨਾਪੂਰਤੀਆ ਕਰਨ ਨਾਲੋਂ ਰਹਿੰਦੇ ਟਾਈਮ ਵਿੱਚ ਹੁਣੇ ਤੋਂ ਹੀ ਜੰਗੀ ਪੱਧਰ ਤੇ ਇਸ ਸਰਹਿੰਦੀ ਚੋਅ ਅਤੇ ਲੌਂਗੋਵਾਲ ਡਰੇਨ ਦੀ ਸਫਾਈ ਦਾ ਕੰਮ ਸ਼ੁਰੂ ਕਰਵਾਇਆ ਜਾਵੇ ਤਾਂ ਜੋ ਬਰਸਾਤ ਤੋਂ ਪਹਿਲਾਂ ਸਫਾਈ ਹੋ ਜਾਵੇ ਤੇ ਪਾਣੀ ਦੇ ਵਹਾਅ ਵਿੱਚ ਕੋਈ ਰੁਕਾਵਟ ਨਾ ਆਵੇ ਅਤੇ ਸਾਡੇ ਕਿਸਾਨ ਭਰਾਵਾਂ ਅਤੇ ਸਾਡੇ ਸ਼ਹਿਰ ਅਤੇ ਪਿੰਡ ਪਾਣੀ ਦੀ ਵੱਡੀ ਮਾਰ ਤੋਂ ਬਚ ਜਾਣ ।ਇਸ ਮੌਕੇ ਮੱਖਣ ਸਰਪੰਚ ਅਕਾਲਗੜ੍ਹ, ਲਾਲੀ ਸਰਪੰਚ ਚੱਠੇ ਨਕਟੇ, ਹਰਜੀਤ ਸਿੰਘ ਸਾਬਕਾ ਸਰਪੰਚ, ਤਿਰਲੋਕ ਸਿੰਘ ਸਾਬਕਾ ਸਰਪੰਚ, ਗੁਰਸੇਵਕ ਅਕਾਲਗੜ੍ਹ, ਰਾਣਾ ਕੌਰ ਪੰਚ, ਕਰਨੈਲ ਪੰਚ ਆਦਿ ਮੌਜੂਦ ਸਨ।

# ਨਸ਼ਾ ਮੁਕਤੀ ਯਾਤਰਾ ਨੂੰ ਪਿੰਡਾਂ ਵਿੱਚ ਭਰਵਾਂ ਹੁੰਗਾਰਾ: ਬਰਿੰਦਰ ਕੁਮਾਰ ਗੋਇਲ

## ਕੈਬਨਿਟ ਮੰਤਰੀ ਵੱਲੋਂ ਹਲਕਾ ਲਹਿਰਾ ਦੇ ਵੱਖ ਵੱਖ ਪਿੰਡਾਂ ਵਿੱਚ ਡਿਫੈਂਸ ਕਮੇਟੀਆਂ ਨਾਲ ਮੀਟਿੰਗਾਂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com



ਦਲਜੀਤ ਕੌਰ

ਲਹਿਰਾ, 25 ਮਈ, 2025: ਮੁੱਖ ਮੰਤਰੀ, ਪੰਜਾਬ, ਸ. ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਤਹਿਤ ਪਿੰਡ ਸੁਰਜਣਭੈਣੀ, ਭੁੰਦੜਭੈਣੀ ਅਤੇ ਹਮੀਰਗੜ੍ਹ ਵਿਖੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਦੀ ਅਗਵਾਈ ਵਿੱਚ ਡਿਫੈਂਸ ਕਮੇਟੀਆਂ ਨਾਲ ਮੀਟਿੰਗਾਂ ਦੌਰਾਨ ਨਸ਼ਿਆਂ ਦੇ ਖਾਤਮੇ ਦਾ ਅਹਿਦ ਕੀਤਾ ਗਿਆ।

ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਨੂੰ ਪਿੰਡਾਂ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਲੋਕ ਆਪ ਮੁਹਾਰੇ ਅੱਗੇ ਆ ਕੇ ਇਸ ਯਾਤਰਾ ਦਾ ਹਿੱਸਾ ਬਣ ਰਹੇ ਹਨ ਅਤੇ ਪੰਜਾਬ ਵਿੱਚੋਂ ਨਸ਼ੇ ਦੀਆਂ ਜੜ੍ਹਾਂ ਪੁੱਟਣ ਲਈ ਦਿਨ ਰਾਤ ਇੱਕ ਕਰ ਕੇ ਕੰਮ ਵੀ ਕਰਨ ਲੱਗ ਪਏ ਹਨ, ਹੁਣ ਉਹ ਦਿਨ ਦੂਰ ਨਹੀਂ ਜਦੋਂ ਸੂਬੇ ਵਿੱਚੋਂ ਨਸ਼ਿਆਂ ਦਾ ਖਾਤਮਾ ਮੁਕੰਮਲ ਤੌਰ ਉੱਤੇ ਹੋ ਜਾਵੇਗਾ।

ਸ੍ਰੀ ਗੋਇਲ ਨੇ ਪਿੰਡਾਂ ਦੀਆਂ ਡਿਫੈਂਸ ਕਮੇਟੀਆਂ ਨੂੰ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ ਅਤੇ ਪਿੰਡ ਵਾਸੀਆਂ ਨੂੰ ਨਿਰੰਤਰ ਨਸ਼ੇ ਖਿਲਾਫ ਲੜੀ ਜਾ ਰਹੀ ਜੰਗ ਵਿੱਚ ਇੱਕਜੁੱਟ ਹੋ ਕੇ ਸਰਕਾਰ ਦਾ ਸਹਿਯੋਗ ਦੇਣ ਲਈ ਪ੍ਰੇਰਤ ਕੀਤਾ ਜਾਵੇ।

ਸ੍ਰੀ ਗੋਇਲ ਨੇ ਅਪੀਲ ਕੀਤੀ ਕਿ ਨਸ਼ਿਆਂ ਦੇ ਆਦੀ ਵਿਅਕਤੀਆਂ ਦਾ ਨਸ਼ਾ ਛੁਡਵਾਉਣ ਲਈ ਉਹਨਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਲਿਆਂਦਾ ਜਾਵੇ। ਨਸ਼ਿਆਂ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਦਾ ਮੁਫ਼ਤ ਅਤੇ ਢੁਕਵਾਂ ਇਲਾਜ ਕਰਵਾਇਆ ਜਾਵੇ।

ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬੇ ਦੀ ਨੌਜਵਾਨੀ ਹੁਣ ਨਸ਼ਿਆਂ ਦੀ ਦਲਦਲ ਵਿੱਚੋਂ ਨਿਕਲ ਰਹੀ ਹੈ ਅਤੇ ਪੰਜਾਬ ਮੁੜ ਤੋਂ ਸਿਹਤਮੰਦ ਪੰਜਾਬ ਬਣਨ ਵੱਲ ਵਧ ਰਿਹਾ ਹੈ। ਉਹਨਾਂ ਕਿਹਾ ਕਿ ਨਸ਼ੇ ਦੇ ਸੌਦਾਗਰਾਂ ਨੂੰ ਹੁਣ ਕਿਸੇ ਦੀ ਵੀ ਸਿਆਸੀ ਸ਼ੈਅ ਨਹੀਂ ਹੈ। ਸਰਕਾਰ ਨੇ ਪੁਲਿਸ ਵਿਭਾਗ ਅਤੇ ਹੋਰ ਸਬੰਧਤ ਵਿਭਾਗਾਂ ਨੂੰ ਹਦਾਇਤ ਹੈ ਕਿ ਨਸ਼ਿਆਂ ਦਾ ਵਪਾਰੀ ਭਾਵੇਂ ਕਿਸੇ ਵੀ ਪਰਿਵਾਰ ਨਾਲ ਸਬੰਧ ਰੱਖਦਾ ਹੋਵੇ, ਉਸ ਨੂੰ ਬਖਸ਼ਿਆ ਨਹੀਂ ਜਾਣਾ ਚਾਹੀਦਾ।

ਇਸ ਮੌਕੇ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ, ਡਿਫੈਂਸ ਕਮੇਟੀਆਂ ਦੇ ਮੈਂਬਰ, ਪੰਚ ਸਰਪੰਚ ਅਤੇ ਵੱਡੀ ਗਿਣਤੀ ਪਿੰਡ ਵਾਸੀ ਹਾਜ਼ਰ ਸਨ।

# ਕੈਬਨਿਟ ਮੰਤਰੀ ਅਮਨ ਅਰੋੜਾ ਦੀ ਅਗਵਾਈ ਵਿੱਚ ਨਸ਼ਾ ਮੁਕਤੀ ਯਾਤਰਾ ਤਹਿਤ ਪਿੰਡਾਂ ਵਿੱਚ ਮੀਟਿੰਗਾਂ ਜ਼ੋਰਾਂ ‘ਤੇ

## ਪਿੰਡ ਦੁੱਗਾਂ, ਕੁਨਰਾਂ ਤੇ ਉਭਾਵਾਲ ਦੇ ਵਸਨੀਕਾਂ ਨੇ ਨਸ਼ਿਆਂ ਖ਼ਿਲਾਫ਼ ਇਕਜੁਟਤਾ ਦਿਖਾਈ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com



ਦਲਜੀਤ ਕੌਰ

ਸੁਨਾਮ, 25 ਮਈ, 2025: ਨਸ਼ਿਆਂ ਦਾ ਨਾਮੋ ਨਿਸ਼ਾਨ ਮਿਟਾਉਣ ਲਈ ਸ਼ੁਰੂ ਕੀਤੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਿਆਂ ਦਾ ਖਾਤਮਾ ਹੋ ਰਿਹਾ ਹੈ ਤੇ ਹੁਣ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੀ ਅਗਵਾਈ ਵਿੱਚ ਨਸ਼ਾ ਮੁਕਤੀ ਯਾਤਰਾ ਜਿਹੜੀ ਕਿ ਪਿੰਡਾਂ ਤੇ ਵਾਰਡਾਂ ਦੀਆਂ ਡਿਫੈਂਸ ਕਮੇਟੀਆਂ ਨਾਲ ਮੀਟਿੰਗਾਂ ਦੇ ਰੂਪ ਵਿੱਚ ਚਲਾਈ ਜਾ ਰਹੀ ਹੈ, ਤਹਿਤ ਹਰੇਕ ਪਿੰਡ ਤੇ ਵਾਰਡ ਵਿੱਚ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀ ਹਨ ਅਤੇ ਲੋਕਾਂ ਨੂੰ ਨਸ਼ਾ ਮੁਕਤੀ ਦਾ ਪ੍ਰਣ ਵੀ ਦਿਵਾਇਆ ਜਾ ਰਿਹਾ ਹੈ। ਇਸੇ ਲੜੀ ਤਹਿਤ ਪਿੰਡ ਦੁੱਗਾਂ, ਕੁਨਰਾਂ ਤੇ ਉਭਾਵਾਲ ਵਿਖੇ ਕੀਤੀਆਂ ਮੀਟਿੰਗਾਂ ਦੌਰਾਨ ਇਹਨਾਂ ਪਿੰਡਾਂ ਦੇ ਵਸਨੀਕਾਂ ਨੇ ਨਸ਼ਿਆਂ ਖ਼ਿਲਾਫ਼ ਇਕਜੁਟਤਾ ਦਿਖਾਈ ਅਤੇ ਨਸ਼ਿਆਂ ਦੇ ਖਾਤਮੇ ਦਾ ਪ੍ਰਣ ਲਿਆ।

ਇਹ ਜਾਣਕਾਰੀ ਸਾਂਝੀ ਕਰਦਿਆਂ ਬੀ.ਡੀ.ਪੀ.ਓ. ਸ. ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਕੀਤੇ ਜਾ ਰਹੇ ਸਖ਼ਤ ਫੈਸਲਿਆਂ ਸਦਕਾ ਹੁਣ ਪੰਜਾਬ ਦੀ ਧਰਤੀ ਨੂੰ ਨਸ਼ਿਆਂ ਦੇ ਬਹੁਤੇ ਵਪਾਰੀ ਛੱਡ ਕੇ ਚਲੇ ਗਏ ਹਨ ਅਤੇ ਨਸ਼ਿਆਂ ਦਾ ਸੇਵਨ ਕਰਨ ਵਾਲੇ ਨੌਜਵਾਨ ਵੀ ਸਵੈ ਇੱਛਾ ਨਾਲ ਨਸ਼ਿਆਂ ਦਾ ਤਿਆਗ ਕਰ ਰਹੇ ਹਨ।

ਬੀ.ਡੀ.ਪੀ.ਓ. ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਦਾ ਮੰਤਵ ਸਮੂਹ ਵਰਗਾਂ ਦੇ ਸਹਿਯੋਗ ਨਾਲ ਨਸ਼ਿਆਂ ਦਾ ਖਾਤਮਾ ਕਰਨਾ ਹੈ ਅਤੇ ਹਰੇਕ ਪਿੰਡ ਤੇ ਹਰੇਕ ਗਲੀ ਨੂੰ ਨਸ਼ਾ ਮੁਕਤ ਕਰਨਾ ਸਰਕਾਰ ਦੀ ਤਰਜੀਹ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਜਿਥੇ ਨਸ਼ਿਆਂ ਦੇ ਸੌਦਾਗਰਾਂ ਵਿਰੁੱਧ ਸਖ਼ਤ ਕਾਰਵਾਈ ਕਰ ਕੇ ਸੂਬੇ ਵਿੱਚੋਂ ਨਸ਼ਿਆਂ ਦਾ ਮੁਕੰਮਲ ਤੌਰ ‘ਤੇ ਖਾਤਮਾ ਕਰ ਰਹੀ ਹੈ, ਉੱਥੇ ਹੀ ਨਸ਼ਿਆਂ ਦੀ ਗ੍ਰਿਫ਼ਤ ਵਿੱਚ ਫਸੇ ਨੌਜਵਾਨਾਂ ਦਾ ਨਸ਼ਾ ਛੁਡਵਾ ਕੇ ਉਹਨਾਂ ਨੂੰ ਮੁੜ ਤੋਂ ਆਪਣੇ ਪੈਰਾਂ ‘ਤੇ ਖੜ੍ਹੇ ਵੀ ਕਰ ਰਹੀ ਤਾਂ ਜੋ ਉਹ ਸਮਾਜ ਵਿੱਚ ਬਿਹਤਰ ਜ਼ਿੰਦਗੀ ਬਤੀਤ ਕਰ ਸਕਣ।

ਇਸ ਮੌਕੇ ‘ਤੇ ਉਨ੍ਹਾਂ ਨੇ ਪਿੰਡ ਵਾਸੀਆਂ, ਖਾਸਕਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਮੁਕਤ ਕਰਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ।

ਇਸ ਮੌਕੇ ਸੰਜੀਵ ਕੁਮਾਰ ਪੀ.ਏ., ਅਮਰੀਕ ਸਿੰਘ ਇੰਚਾਰਜ, ਤਹਿਸੀਲਦਾਰ ਹਰਪ੍ਰੀਤ ਸਿੰਘ, ਬਲਵਿੰਦਰ ਸਿੰਘ ਸਰਪੰਚ, ਦਲਵੀਰ ਸਿੰਘ ਸਰਪੰਚ ਦੁੱਗਾਂ, ਮੇਤਾ ਸਿੰਘ ਸਰਪੰਚ ਉਭਾਵਾਲ, ਵਿੱਕੀ ਸਿੰਘ ਸਰਪੰਚ ਕੁਨਰਾਂ, ਗੁਰਚਰਨ ਸਿੰਘ ਦੁੱਗਾਂ, ਮਿੱਠੂ ਸਿੰਘ ਦੁੱਗਾਂ, ਕੁਲਦੀਪ ਸਿੰਘ ਦੁੱਗਾਂ, ਸੰਦੀਪ ਸਿੰਘ ਦੁੱਗਾਂ, ਅਵਤਾਰ ਸਿੰਘ ਉਭਾਵਾਲ, ਮਲੂਕ ਸਿੰਘ ਕੁਨਰਾਂ, ਬਲਵਿੰਦਰ ਸਿੰਘ ਲੌਂਗੋਵਾਲ, ਮਨਿੰਦਰ ਸਿੰਘ ਸਰਪੰਚ, ਮਨੀ ਸਾਰੋਂ ਸਮੇਤ ਵੱਖੋ ਵੱਖ ਵਿਭਾਗਾਂ ਦੇ ਅਧਿਕਾਰੀ, ਡਿਫੈਂਸ ਕਮੇਟੀਆਂ ਦੇ ਮੈਂਬਰ ਅਤੇ ਵੱਡੀ ਗਿਣਤੀ ਪਿੰਡ ਵਾਸੀ ਹਾਜ਼ਰ ਸਨ।

# ਦਸਵੀਂ, ਗਿਆਰਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਨ ਲਈ ਆਨ-ਲਾਈਨ ਮਿਤੀਆ ਦਾ ਐਲਾਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com

ਮੋਹਾਲੀ 25 ਮਈ (ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ) ਪੰਜਾਬ ਰਾਜ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਮੂਹ ਸਕੂਲ ਮੁਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2025-26 ਦੇ ਦਸਵੀਂ, ਗਿਆਰਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਨ ਲਈ ਆਨ-ਲਾਈਨ ਪੋਰਟਲ 23 ਮਈ 2025 ਤੋਂ 28 ਜੁਲਾਈ 2025 ਤੱਕ ਬਿਨ੍ਹਾਂ ਲੇਟ ਫੀਸ, 29 ਜੁਲਾਈ 2025 ਤੋਂ 18 ਅਗਸਤ 2025 ਤੱਕ 500/-ਰ: ਪ੍ਰਤੀ ਵਿਦਿਆਰਥੀ ਲੇਟ ਫੀਸ ਨਾਲ ਅਤੇ 19 ਅਗਸਤ 2025 ਤੋਂ 09 ਸਤੰਬਰ 2025 ਤੱਕ 1500/-ਰੁ: ਪ੍ਰਤੀ ਵਿਦਿਆਰਥੀ ਲੇਟ ਫੀਸ ਨਾਲ ਸ਼ਡਿਊਲ ਨਿਰਧਾਰਿਤ ਕੀਤਾ ਗਿਆ ਹੈ। ਸ਼ਡਿਊਲ ਅਤੇ ਹਦਾਇਤਾਂ ਸਕੂਲਾਂ ਦੀ ਲਾਗ-ਇੰਨ ਆਈ.ਡੀ.ਅਤੇ ਬੋਰਡ ਦੀ ਵੈਬ-ਸਾਈਟ ਤੇ ਉਪਲੱਬਧ ਹਨ ।ਇਸਦੇ ਨਾਲ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਸਕੂਲ ਮੁਖੀ ਬਿਨ੍ਹਾਂ ਲੇਟ ਫੀਸ ਦਿੱਤੇ ਗਏ ਸਮੇਂ ਦੌਰਾਨ ਹੀ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਦਾ ਕੰਮ ਮੁਕੰਮਲ ਕਰਵਾਉਣ, ਬਿਨ੍ਹਾਂ ਲੇਟ ਫੀਸ ਸਮਾਂ ਲੰਘਣ ਉਪਰੰਤ ਜੇਕਰ ਕਿਸੇ ਸਕੂਲ ਮੁਖੀ ਵੱਲੋਂ ਜੁਰਮਾਨਾ ਮੁਆਫੀ ਲਈ ਪ੍ਰਤੀ-ਬੇਨਤੀ ਕੀਤੀ ਜਾਂਦੀ ਹੈ ਤਾਂ ਉਹ ਕਿਸੇ ਵੀ ਹਾਲਾਤ/ਕਾਰਨ ਦੇ ਜੁਰਮਾਨਾ ਮੁਆਫੀ ਲਈ ਸਵੀਕਾਰਨ ਯੋਗ ਨਹੀ ਹੋਵੇਗੀ ।ਉਕਤ ਦੇ ਮੱਦੇ ਨਜ਼ਰ ਸਕੂਲ ਮੁੱਖੀਆਂ ਨੂੰ ਅਗਾਊ ਤੌਰ ਤੇ ਸੂਚਿਤ ਕੀਤਾ ਜਾਂਦਾ ਹੈ ਕਿ ਰਜਿਸਟ੍ਰੇਸ਼ਨ/ ਕੰਟੀਨਿਊਸ਼ਨ ਕਰਨ ਲਈ ਬੋਰਡ ਵੱਲੋਂ ਨਿਰਧਾਰਿਤ/ ਜਾਰੀ ਕੀਤੇ ਗਏ ਸ਼ਡਿਊਲ (ਸਮਾਂ ਸਾਰਣੀ) ਵਿੱਚ-ਵਿੱਚ ਹੀ ਬਣਦੀ ਫੀਸ ਅਤੇ ਜੁਰਮਾਨਾ ਫੀਸ ਰਾਹੀਂ ਇਹ ਕੰਮ ਮੁਕੰਮਲ ਕਰਵਾਇਆ ਜਾਣਾ ਅਤਿ ਜ਼ਰੂਰੀ ਹੈ ਕਿਉਂਕਿ ਨਿਰਧਾਰਿਤ ਸ਼ਡਿਊਲ ਅਧੀਨ ਦਿੱਤੇ ਗਏ ਸਮੇਂ ਤੋਂ ਬਾਅਦ ਹੋਰ ਸਮੇਂ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ। ਜੇਕਰ ਫਿਰ ਵੀ ਕਿਸੇ ਵਿਦਿਆਰਥੀ ਦੀ ਐਂਟਰੀ ਕਿਸੇ ਵੀ ਕਾਰਨ ਫਾਈਨਲ ਸਬਮਿਟ ਕਰਨ ਤੋਂ ਰਹਿ ਜਾਂਦੀ ਹੈ ਤਾਂ ਉਸਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁਖੀ/ ਕਰਮਚਾਰੀ ਦੀ ਹੀ ਹੋਵੇਗੀ। ਅਜਿਹੇ ਵਿਦਿਆਰਥੀਆਂ ਦੀ ਨਿਰਧਾਰਿਤ ਸ਼ਡਿਊਲ ਤੋਂ ਬਾਅਦ ਆਨ-ਲਾਈਨ ਐਂਟਰੀ/ਰਜਿਸਟ੍ਰੇਸ਼ਨ ਕਰਨ ਦਾ ਕੋਈ ਹੋਰ ਮੌਕਾ ਨਹੀ ਦਿੱਤਾ ਜਾਵੇਗਾ। ਇਸ ਸਬੰਧੀ ਸਬੰਧਤ ਅਮਲੇ ਨੂੰ ਵਿਸ਼ੇਸ਼ ਤੌਰ ਤੇ ਨੋਟ ਕਰਵਾਇਆ ਜਾਵੇ।

# ਯੁੱਧ ਨਸ਼ਿਆਂ ਵਿਰੁੱਧ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com

**ਬਲਵਿੰਦਰ ਕੌਰ ਲਗਾਣਾ**



‘ਛਿੜਿਆ ਯੁੱਧ ਨਸ਼ਿਆਂ ਵਿਰੁੱਧ
ਭਾਸ਼ਣ ਦੇ ਕੇ,ਫਲੈਕਸੀ ਲਾ ਕੇ
ਜਾਗਰੂਕ ਕੀਤਾ ਨਸ਼ਿਆਂ ਵਿਰੁੱਧ।

ਜਲਦੀਆਂ ਪਈਆ ਲਾਸ਼ਾਂ ਸਿਵੇ ਵਿੱਚ
ਚੜ੍ਹਿਆ ਬਲੀ, ਚਿੱਟੇ ਦੀ ਹੁਣੇ ਹੁਣ,
ਵਿੰਨੀਆ ਸੂਈਆਂ ਨਾੜਾਂ ਦੇ ਵਿੱਚ,
ਕਹਿੰਦੇ,ਚੜ੍ਹੀ ਜਵਾਨੀ ਸੀ ਹੁਣੇ-ਹੁਣ।

ਟੀਕੇ, ਕੈਪਸੂਲਾਂ ਦਾ,ਪਿਆ ਖਿਲਾਰਾ।

ਨਸ਼ੇ ਦੀਆਂ ਨੇ ,ਚਾਰ-ਚੁਫੇਰੇ ਮਾਰਾਂ,
ਵਰਤ ਰਿਹਾ ਕੀ ਇਹ ਕਾਰਾ?
ਘਰ ਘਰ ਚ ਆ ,ਨਸ਼ੇ ਦਾ ਪਸਾਰਾ,

ਥਾਂ ਥਾਂ, ਨਸ਼ੇ ਦੇ ਅੱਡੇ ਬਣ ਗਏ,
ਲੁਕ ਛਿਪ, ਨਸ਼ਾ ਤਸਕਰੀ ਕਰਦੇ।
ਪਾਰ ਸਰਹੱਦੋ ਵਪਾਰ ਨੇ ਕਰਦੇ,
ਸਮਾਨ ਮੌਤ ਦਾ ਘਰ ਘਰ ਘੱਲਦੇ।

‘ਲਗਾਣਾ’ ਕਰੇ ਹੱਥ ਜੋੜ ਅਰਜੋਈ,
ਨਸ਼ਿਆਂ ਦੇ ਨਾਲ ਮਰੇ ਨਾ ਕੋਈ।
ਬੰਦ ਸਾਰਾ ਇਹ ਵਪਾਰ ਕਰੋ,
ਖੁਸ਼ਹਾਲ ਆਪਣਾ ਪੰਜਾਬ ਕਰੋ।

ਬਲਵਿੰਦਰ ਕੌਰ ਲਗਾਣਾ
ਵਾਰਡ ਨੰਬਰ 9, ਦਸੂਹਾ
ਮੋਬਾਇਲ 94649-28014.
ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ ਕੋਟਗੁਰੂ

# ਜਬਰ ਵਿਰੋਧੀ ਰੈਲੀ ਵਿੱਚ ਕਿਰਤੀ ਕਿਸਾਨ ਯੂਨੀਅਨ ਵੱਲੋਂ ਕੀਤੀ ਜਾਵੇਗੀ ਭਰਵੀਂ ਸਮੂਲੀਅਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com

ਲੌਂਗੋਵਾਲ,25 ਮਈ (ਜਗਸੀਰ ਸਿੰਘ) - ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਮਾਸਟਰ ਨਿਰਭੈ ਸਿੰਘ ਖਾਈ ਤੇ ਹਮਲਾ ਕਰਨ ਵਾਲੇ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਾਣਾ ਮੰਡੀ ਸੰਗਰੂਰ ਲਿਖੇ ਕੀਤੀ ਜਾ ਰਹੀ ਰੋਸ ਰੈਲੀ ਤੇ ਸ਼ਹਿਰ ਵਿੱਚ ਕੀਤੇ ਜਾ ਰਹੇ ਰੋਸ ਮੁਜ਼ਾਹਰੇ ਦੀਆਂ ਤਿਆਰੀਆਂ ਸਬੰਧੀ ਕਿਰਤੀ ਕਿਸਾਨ ਯੂਨੀਅਨ ਵੱਲੋਂ ਪਿੰਡ ਢੱਡਰੀਆਂ ਵਿਖੇ ਰੱਤੋਕੇ,ਸ਼ਾਹੋਕੇ ਤੇ ਤਕੀਪੁਰ ਇਕਾਈਆਂ ਦੀ ਸਾਂਝੀ ਮੀਟਿੰਗ ਜਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਦੀ ਅਗਵਾਈ ਹੇਠ ਕੀਤੀ ਗਈ। ਜਿਸ ਵਿੱਚ ਇਨਾ ਪਿੰਡਾਂ ਵਿੱਚੋਂ ਸੰਗਰੂਰ ਰੈਲੀ ਵਿੱਚ ਭਰਵੀਂ ਸ਼ਮੂਲੀਅਤ ਕਰਨ ਦਾ ਐਲਾਨ



ਕੀਤਾ।

ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜ਼ਿਲੇ ਦੇ ਸੀਨੀਅਰ ਮੀਤ ਪ੍ਰਧਾਨ ਭਜਨ ਸਿੰਘ ਢੱਡਰੀਆਂ,ਜ਼ਿਲਾ ਸਕੱਤਰ ਦਰਸ਼ਨ ਸਿੰਘ ਕੁੰਨਰਾਂ ਤੇ ਵਿੱਤ ਸਕੱਤਰ ਕੁਲਦੀਪ ਸਿੰਘ ਨੇ ਦੱਸਿਆ ਕਿ 25 ਅਪ੍ਰੈਲ ਨੂੰ ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਨਿਰਭੈ ਸਿੰਘ ਖਾਈ ਤੇ ਕੈਬਨਟ ਮੰਤਰੀ ਵਰਿੰਦਰ ਗੋਇਲ ਦੀ ਸ਼ਹਿ ਪ੍ਰਾਪਤ ਗੁੰਡਾ ਗਰੋਹ ਵੱਲੋਂ ਕਾਤਲਾਨਾ ਹਮਲਾ ਕਰਕੇ ਉਹਨਾਂ ਦੀਆਂ ਲੱਤਾਂ ਬਾਹਾਂ ਤੋੜ ਕੇ ਗੰਭੀਰ ਜਖਮੀ ਕਰ ਦਿੱਤਾ ਗਿਆ ਸੀ ਇਸ ਮਾਮਲੇ ਵਿੱਚ ਪੁਲਿਸ ਵੱਲੋਂ ਢੁਕਵੀਂ ਕਾਰਵਾਈ ਨਹੀਂ ਕੀਤੀ ਗਈ ਤੇ ਨਾ ਹੀ ਦੋਸ਼ੀਆਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ।ਇਸ ਮਾਮਲੇ ਵਿੱਚ ਇਨਸਾਫ ਲੈਣ ਲਈ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਅੱਜ 26 ਮਈ ਨੂੰ ਸੰਗਰੂਰ ਦੀ ਦਾਣਾ ਮੰਡੀ ਵਿੱਚ ਰੋਸ ਰੈਲੀ ਕੀਤੀ ਜਾਵੇਗੀ ਤੇ ਉਸ ਤੋਂ ਬਾਅਦ ਡੀਸੀ ਦਫਤਰ ਤੱਕ ਰੋਸ ਮੁਜ਼ਾਹਰਾ ਕਰਕੇ ਮੰਗ ਪੱਤਰ ਦਿੱਤਾ ਜਾਵੇਗਾ। ਇਸ ਦੀ ਤਿਆਰੀ ਲਈ ਵੱਖ ਵੱਖ ਪਿੰਡਾਂ ਵਿੱਚ ਜਥੇਬੰਦੀ ਵੱਲੋਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅੱਜ ਉਪਰੋਕਤ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਕਿਸਾਨਾਂ ਨੂੰ ਲਾਮਬੰਦ ਕੀਤਾ ਗਿਆ ਨਿਰਭੈ ਸਿੰਘ ਤੇ ਹਮਲਾਵਰਾਂ ਨੂੰ ਗ੍ਰਿਫਤਾਰ ਨਾ ਕਰਨ ਤੇ ਪੁਲਿਸ ਅਤੇ ਸਰਕਾਰ ਖਿਲਾਫ ਲੋਕਾਂ ਵਿੱਚ ਭਾਰੀ ਰੋਸ ਹੈ ਤੇ ਇਸ ਬੇਇਨਸਾਫੀ ਖਿਲਾਫ ਸੰਘਰਸ਼ ਨੂੰ ਤਿੱਖਾ ਕੀਤਾ ਜਾਵੇਗਾ।ਆਗੂਆਂ ਨੇ ਮੰਗ ਕੀਤੀ ਕਿ ਦੋਸ਼ੀਆਂ ਨੂੰ ਫੌਰੀ ਗਿਰਫਤਾਰ ਕੀਤਾ ਜਾਵੇ ਇਸੇ ਤਰਾਂ ਇਸ ਰੋਸ ਰੈਲੀ ਵਿੱਚ ਬਠਿੰਡਾ ਜਿਲ੍ਹੇ ਦੇ ਪਿੰਡ ਜਿਉਂਦ ਅਤੇ ਚਾਉਕੇ ਵਿਖੇ ਪੁਲਿਸ ਵੱਲੋਂ ਕੀਤੀ ਧੱਕੇਸ਼ਾਹੀ ਅਤੇ ਜਗਰਾਉਂ ਨੇੜਲੇ ਪਿੰਡ ਅਖਾੜਾ ਵਿਖੇ ਬਾਇਓ ਗੈਸ ਫੈਕਟਰੀ ਖਿਲਾਫ ਸੰਘਰਸ਼ ਕਰ ਰਹੇ ਲੋਕਾਂ ਤੇ ਹੋਈ ਪੁਲਿਸ ਕਾਰਵਾਈ ਦਾ ਵੀ ਵਿਰੋਧ ਕੀਤਾ ਜਾਵੇਗਾ। ਅੱਜ ਦੀ ਮੀਟਿੰਗ ਵਿੱਚ ਇਕਾਈ ਢੱਡਰੀਆਂ ਦੇ ਪ੍ਰਧਾਨ ਜੋਗਾ ਸਿੰਘ,ਤਕੀਪੁਰ ਦੇ ਪ੍ਰਧਾਨ ਸਾਹਿਬ ਸਿੰਘ,ਰੱਤੋਕੇ ਦੇ ਪ੍ਰਧਾਨ ਹਰਜਿੰਦਰ ਸਿੰਘ ਤੇ ਸੁਲਤਾਨ ਸਿੰਘ,ਸਾਹੋਕੇ ਦੇ ਆਗੂ ਅਵਤਾਰ ਸਿੰਘ,ਬਲਵਿੰਦਰ ਸਿੰਘ ਅਤੇ ਜਸਵੀਰ ਸਿੰਘ ਕਾਲਾ ਹਾਜ਼ਰ ਸਨ।

# ਦਿੱਲੀ ਹਾਈ ਕੋਰਟ ਦੇ ਜਸਟਿਸ ਅਤੇ ਚੰਡੀਗੜ੍ਹ ਦੇ ਐਡੀਸ਼ਨਲ ਸੈਸ਼ਨ ਜੱਜ ਨੂੰ ਅਗਰਵਾਲ ਸਭਾ ਨੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com

ਰਤੀਆ / ਸੁਨੀਲ ਕੁਮਾਰ

ਦਿੱਲੀ ਹਾਈ ਕੋਰਟ ਦੇ ਜਸਟਿਸ ਰਜਨੀਸ਼ ਗੁਪਤਾ ਅਤੇ ਚੰਡੀਗੜ੍ਹ ਦੇ ਸੀਨੀਅਰ ਐਡੀਸ਼ਨਲ ਸੈਸ਼ਨ ਜੱਜ ਅਸ਼ਵਨੀ ਗੋਇਲ ਨੂੰ ਇੱਕ ਨਿੱਜੀ ਸਮਾਗਮ ਲਈ ਰਤੀਆ ਪਹੁੰਚਣ 'ਤੇ ਅਗਰਵਾਲ ਸਭਾ ਰਤੀਆ ਵੱਲੋਂ ਯਾਦਗਾਰੀ ਚਿੰਨ੍ਹਾਂ ਨਾਲ ਸਨਮਾਨਿਤ ਕੀਤਾ ਗਿਆ। ਅੱਜ ਦਿੱਲੀ ਹਾਈ ਕੋਰਟ ਦੇ ਜਸਟਿਸ ਰਜਨੀਸ਼ ਗੋਇਲ ਅਤੇ ਚੰਡੀਗੜ੍ਹ ਤੋਂ



ਸੀਨੀਅਰ ਐਡੀਸ਼ਨਲ ਸੈਸ਼ਨ ਜੱਜ ਅਸ਼ਵਨੀ ਗੋਇਲ ਕਿਸੇ ਕੰਮ ਲਈ ਰਤੀਆ ਪਹੁੰਚੇ। ਇਸ ਮੌਕੇ 'ਤੇ ਅਗਰਵਾਲ ਭਾਈਚਾਰੇ ਵੱਲੋਂ ਅਗਰਵਾਲ ਧਰਮਸ਼ਾਲਾ ਵਿਖੇ ਆਯੋਜਿਤ ਇੱਕ ਪ੍ਰੋਗਰਾਮ ਵਿੱਚ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਆਪਣੇ ਸਨਮਾਨ ਵਿੱਚ ਬੋਲਦਿਆਂ, ਰਤੀਆ ਅਗਰਵਾਲ ਸਭਾ ਦੇ ਪ੍ਰਧਾਨ ਪ੍ਰਮੋਦ ਬਾਂਸਲ ਨੇ ਕਿਹਾ ਕਿ ਇਹ ਸਾਡੇ ਅਗਰਵਾਲ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ ਕਿ ਅਗਰਵਾਲ ਭਾਈਚਾਰੇ ਨਾਲ ਜੁੜੇ ਰਜਨੀਸ਼ ਗੋਇਲ ਨੂੰ ਦਿੱਲੀ ਹਾਈ ਕੋਰਟ ਵਿੱਚ ਜਸਟਿਸ ਵਜੋਂ ਨਿਯੁਕਤ ਕੀਤਾ ਗਿਆ ਹੈ ਅਤੇ ਅਸ਼ਵਨੀ ਗੋਇਲ ਨੂੰ ਚੰਡੀਗੜ੍ਹ ਵਿੱਚ ਐਡੀਸ਼ਨਲ ਸੈਸ਼ਨ ਜੱਜ ਵਜੋਂ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਅਗਰਵਾਲ ਸਭਾ ਦੇ ਪ੍ਰਧਾਨ ਪ੍ਰਮੋਦ ਬਾਂਸਲ, ਸਕੱਤਰ ਰਾਜ ਕੁਮਾਰ ਸਿੰਗਲਾ, ਸੰਯੁਕਤ ਸਕੱਤਰ ਜਨਕ ਰਾਜ ਗੋਇਲ, ਕੈਸ਼ੀਅਰ ਪ੍ਰੇਮ ਚੰਦ ਬਾਂਸਲ, ਰਾਈਸ ਮਿੱਲ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸੁਰੇਸ਼ ਜਿੰਦਲ, ਉਪਦੇਸ਼ ਗੋਇਲ, ਡਾ: ਨਰੇਸ਼ ਗੋਇਲ, ਰਾਜੂ ਕਰਾਂਡੀ, ਸ਼ਿਆਮ ਲਾਲ ਬਾਂਸਲ, ਹਰੀਕੇਸ਼ ਮੰਗਲਾ, ਰਮੇਸ਼ ਗਰਗ ਪੱਪੂ ਅਤੇ ਏ.ਐੱਸ.ਸੀ ਦੇ ਹੋਰ ਮੈਂਬਰ ਹਾਜ਼ਰ ਸਨ।

# ਫਗਵਾੜਾ 'ਚ 11.33 ਕਰੋੜ ਰੁਪਏ ਨਾਲ ਪੇਂਡੂ ਖੇਤਰਾਂ ਦੀਆਂ 25 ਲਿੰਕ ਸੜਕਾਂ ਦਾ ਹੋਵੇਗਾ ਨਵੀਨੀਕਰਣ - ਮਾਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com

ਫਗਵਾੜਾ 25 ਮਈ (ਸ਼ਿਵ ਕੌੜਾ) ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਵਲੋਂ ਫਗਵਾੜਾ ਵਿਧਾਨਸਭਾ ਹਲਕੇ ਦੇ ਪੇਂਡੂ ਵਿਕਾਸ ਦੀ ਪ੍ਰਤੀਬੱਧਤਾ ਨੂੰ ਦਰਸਾਉਂਦੇ ਹੋਏ 11.33 ਕਰੋੜ ਰੁਪਏ ਦੀ ਲਾਗਤ ਨਾਲ 25 ਲਿੰਕ ਸੜਕਾਂ ਦਾ ਨਵੀਨੀਕਰਣ ਕਰਵਾਇਆ ਜਾ ਰਿਹਾ ਹੈ। ਇੰਹ ਜਾਣਕਾਰੀ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਅੱਜ ਇੱਥੇ ਗੱਲਬਾਤ ਦੌਰਾਨ ਦਿੱਤੀ ਹੈ। ਉਹਨਾਂ ਦੱਸਿਆ ਕਿ ਮੁੱਖ ਤੌਰ ਤੇ ਰਾਣੀਪੁਰ ਤੋਂ ਭਾਖੜੀਆਨਾ ਵਾਲੀ ਸੜਕ ਦੀ ਉਸਾਰੀ 'ਤੇ 89.96 ਲੱਖ ਰੁਪਏ, ਹਦੀਆਬਾਦ ਤੋਂ ਨਾਰੰਗਸ਼ਾਹਪੁਰ ਰੋਡ 'ਤੇ 61.16 ਲੱਖ ਰੁਪਏ, ਜੀ.ਟੀ. ਰੋਡ ਫਗਵਾੜਾ ਤੋਂ ਦਰਵੇਸ਼ ਪਿੰਡ ਰੋਡ ਦੀ ਉਸਾਰੀ 'ਤੇ 22.62 ਲੱਖ ਰੁਪਏ, ਨਕੋਦਰ ਰੋਡ ਫਗਵਾੜਾ ਤੋਂ ਸੁੰਨੜਾ ਰੋਡ 'ਤੇ 11.13 ਲੱਖ ਰੁਪਏ, ਕਾਂਸ਼ੀ ਨਗਰ ਤੋਂ ਨੰਗਲ ਮੱਝਾ ਰੋਡ 'ਤੇ 51.46 ਲੱਖ ਰੁਪਏ, ਖੁਰਮਪੁਰ ਤੋਂ ਵਾਇਆ ਢੱਕ ਪਲਾਹੀ ਜੀ.ਟੀ. ਰੋਡ ਦੀ ਉਸਾਰੀ 'ਤੇ 1 ਕਰੋੜ 89 ਲੱਖ ਰੁਪਏ, ਹੁਸ਼ਿਆਰਪੁਰ ਰੋਡ ਫਗਵਾੜਾ ਤੋਂ ਜਗਪਾਲਪੁਰ ਰੋਡ 'ਤੇ 1 ਕਰੋੜ 38 ਲੱਖ 35 ਹਜਾਰ ਰੁਪਏ, ਰਿਹਾਣਾ ਜੱਟਾਂ ਤੋਂ ਲੋਟੇਰਾ ਰੋਡ 'ਤੇ 62.42 ਲੱਖ ਰੁਪਏ, ਹੁਸ਼ਿਆਰਪੁਰ ਰੋਡ ਫਗਵਾੜਾ ਤੋਂ ਪਲਾਹੀ ਵਾਲੀ ਰੋਡ 'ਤੇ 48.81 ਲੱਖ ਰੁਪਏ, ਜੀ.ਟੀ. ਰੋਡ ਫਗਵਾੜਾ ਤੋਂ ਜਗਤਪੁਰ ਜੱਟਾਂ ਰੋਡ 'ਤੇ 61.83 ਲੱਖ ਰੁਪਏ, ਹੁਸ਼ਿਆਰਪੁਰ ਰੋਡ ਫਗਵਾੜਾ ਤੋਂ ਵਾਇਆ ਸੀਕਰੀ, ਜਗਪਾਲਪੁਰ ਰੋਡ 'ਤੇ 62.71 ਲੱਖ ਰੁਪਏ, ਰਾਵਲਪਿੰਡੀ ਤੋਂ ਸੰਗਤਪੁਰ ਰੋਡ 'ਤੇ 80.01 ਲੱਖ ਰੁਪਏ ਅਤੇ ਜੀ.ਟੀ. ਰੋਡ ਫਗਵਾੜਾ ਤੋਂ ਵਾਇਆ ਨੰਗਲ, ਰੁੜਕਾਂ ਕਲਾਂ ਰੋਡ 'ਤੇ 54.95 ਲੱਖ ਰੁਪਏ ਖਰਚ ਕੀਤੇ ਜਾਣਗੇ। ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਕਈ ਹੋਰ ਲਿੰਕ ਸੜਕਾਂ ਦੀ



ਉਸਾਰੀ ਵੀ ਕਰਵਾਈ ਜਾ ਰਹੀ ਹੈ। ਮਾਨ ਨੇ ਕਿਹਾ ਕਿ ਇਹਨਾਂ ਸੜਕਾਂ ਦੀ ਉਸਾਰੀ ਨਾਲ ਫਗਵਾੜਾ ਸ਼ਹਿਰ 'ਚ ਟਰੈਫਿਕ ਦੇ ਬੋਝ ਦੀ ਸਮੱਸਿਆ ਨੂੰ ਵੀ ਕਾਫੀ ਹੱਦ ਤੱਕ ਦੂਰ ਕੀਤਾ ਜਾ ਸਕੇਗਾ। ਉਹਨਾਂ ਭਰੋਸਾ ਦਿੱਤਾ ਕਿ ਫਗਵਾੜਾ ਦੇ ਸਰਬ ਪੱਖੀ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਹੇ ਹਨ ਅਤੇ ਅੱਗੇ ਵੀ ਫਗਵਾੜਾ ਵਾਸੀਆਂ ਦੀ ਸੇਵਾ ਨੂੰ ਸਮਰਪਿਤ ਰਹਿਣਗੇ।

# ਸੰਸਦ ਮੈਂਬਰ ਰਾਜ ਕੁਮਾਰ ਚੱਬੇਵਾਲ ਜੀਰਾ ਪਹੁੰਚੇ, ਐਮ ਐਲ ਏ ਕਟਾਰੀਆ ਦੀ ਅਗਵਾਈ ਵਿੱਚ ਹੋਇਆ ਵੱਡਾ ਇਕੱਠ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com

ਜ਼ੀਰਾ 25 ਮਈ ( ਅੰਗਰੇਜ਼ ਬਰਾੜ ) - ਪੰਜਾਬ ਦੀ ਸ਼ਾਨ ਪਾਣੀਆਂ ਦਾ ਰਾਖਾ ਭਗਵੰਤ ਮਾਨ ਮੁਹਿੰਮ ਦੇ ਤਹਿਤ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਸ਼੍ਰੀ ਰਾਜ ਕੁਮਾਰ ਚੱਬੇਵਾਲ ਅੱਜ ਜੀਰਾ ਵਿਖੇ ਮਖੂ ਰੋਡ ਤੇ ਸਥਿਤ ਸਹਜਾਦਾ ਪੈਲਸ ਵਿੱਚ ਪਹੁੰਚੇ! ਪੈਲਸ ਵੱਡਾ ਹੋਣ ਦੇ ਬਾਵਜੂਦ ਵੀ ਐਮ ਐਲ ਏ ਨਰੇਸ਼ ਕਟਾਰੀਆ ਅਤੇ ਉਹਨਾਂ ਦੇ ਫਰਜ਼ੰਦ ਯੂਥ ਆਗੂ ਸ੍ਰੀ ਸ਼ੰਕਰ ਕਟਾਰੀਆ ਦੀ ਅਗਵਾਈ ਹੇਠ ਇੰਨਾ ਵੱਡਾ ਇਕੱਠ ਹੋਇਆ ਕਿ ਲੋਕਾਂ ਨੂੰ ਪੈਲਸ ਦੇ ਬਾਹਰ ਬੈਠਣਾ ਪਿਆ! ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਯੂਥ ਆਗੂ ਸ਼ੰਕਰ ਕਟਾਰੀਆ ਨੇ ਆਪਣੇ ਵਿਰੋਧੀ ਕੁਲਬੀਰ ਸਿੰਘ ਜੀਰਾ ਨੂ ਰਗੜੇ ਲਾਏ! ਉਹਨਾਂ ਇਹ ਵੀ ਕਿਹਾ ਕਿ ਲੋਕਾਂ ਦਾ ਵੱਡਾ ਇਕੱਠ ਇਹ ਦਰਸਾਉਂਦਾ ਹੈ ਕਿ ਲੋਕ ਸਾਨੂੰ ਅਤੇ ਸਾਡੀ ਪਾਰਟੀ ਨੂੰ ਪਸੰਦ ਕਰਦੇ ਹਨ। ਐਮ ਐਲ ਏ ਸ਼੍ਰੀ ਨਰੇਸ਼ ਕਟਾਰੀਆ ਨੇ ਲੋਕਾਂ



ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨੀ ਗਰਮੀ ਹੋਣ ਦੇ ਬਾਵਜੂਦ ਵੀ ਸਾਡੇ ਛੋਟੇ ਜਿਹੇ ਸੱਦੇ ਤੇ ਇਨਾ ਵੱਡਾ ਇਕੱਠ ਹੋਇਆ ਹੈ। ਉਹਨਾਂ ਕਿਹਾ ਕਿ ਹੁਣ ਵੀ ਪਿੰਡਾਂ ਤੇ ਸ਼ਹਿਰਾਂ ਵਿੱਚ ਵਿਕਾਸ ਕਾਰਜ ਜ਼ੋਰਾਂ ਤੇ ਚੱਲ ਰਹੇ ਹਨ ਅਤੇ ਇੱਕ ਹਫਤੇ ਦੇ ਅੰਦਰ ਉਹਨਾਂ ਨੂੰ ਵੱਡੀ ਗਰਾਂਟ ਮਿਲਣ ਜਾ ਰਹੀ ਹੈ। ਨਰੇਸ਼ ਕਟਾਰੀਆ ਨੇ ਕਿਹਾ ਕਿ ਉਹ ਵਿਕਾਸ ਪੱਖੋਂ ਜੀਰਾ ਹਲਕੇ ਨੂੰ ਨਮੂਨੇ ਦਾ ਹਲਕਾ ਬਣਾਉਣਗੇ! ਵਿਸ਼ੇਸ਼ ਤੌਰ ਤੇ ਪਹੁੰਚੇ ਸੰਸਦ ਮੈਂਬਰ ਸ਼੍ਰੀ ਰਾਜ ਕੁਮਾਰ ਚੱਬੇਵਾਲ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਪੰਜਾਬ ਸਰਕਾਰ ਵੱਡੇ ਕੰਮ ਕਰ ਰਹੀ ਹੈ। ਉਹਨਾਂ ਕਿਹਾ ਕਿ ਪੰਜਾਬ ਦੀ ਸ਼ਾਨ ਪਾਣੀਆਂ ਦਾ ਰਾਖਾ ਭਗਵੰਤ ਮਾਨ ਹੈ ਜੋ ਕਿ ਪੂਰੀ ਇਮਾਨਦਾਰੀ ਨਾਲ ਕੰਮ ਕਰ ਰਹੇ ਹਨ। ਉਹਨਾਂ ਇਹ ਵੀ ਕਿਹਾ ਕਿ ਕਿਸੇ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨਹੀਂ ਸੀ ਚਲਾਈ, ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਜ਼ੋਰ ਸ਼ੋਰ ਨਾਲ ਚਲਾਈ ਹੈ ਅਤੇ ਨਸ਼ਿਆਂ ਨੂੰ ਕਾਫੀ ਹੱਦ ਤੱਕ ਕਾਬੂ ਕਰ ਲਿਆ ਹੈ! ਐਮ ਪੀ ਰਾਜ ਕੁਮਾਰ ਚੱਬੇਵਾਲ ਨੇ ਇਹ ਵੀ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ 56 ਹਜ਼ਾਰ ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਹਨ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਜਿਹੜੇ ਵਾਅਦੇ ਲੋਕਾਂ ਨਾਲ ਕੀਤੇ ਸਨ, ਉਹ ਪੂਰੇ ਕੀਤੇ ਹਨ ਅਤੇ ਕਰ ਰਹੀ ਹੈ। ਜਲਦ ਹੀ ਔਰਤਾਂ ਨੂੰ 1100 - 1100 ਰੁਪਏ ਦਿੱਤੇ ਜਾਣਗੇ! ਇਸ ਮੌਕੇ ਨਗਰ ਕੌਂਸਲ ਜੀਰਾ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਜੱਜ, ਮਾਰਕੀਟ ਕਮੇਟੀ ਜੀਰਾ ਦੇ ਚੇਅਰਮੈਨ ਇਕਬਾਲ ਸਿੰਘ ਸੋਢੀ ਵਾਲਾ, ਸਰਦਾਰ ਮੇਜਰ ਸਿੰਘ ਭੁੱਲਰ ਪੀ ਏ ਐਮਐਲਏ, ਸਰਪੰਚ ਤੀਰਥ ਸਿੰਘ ਬਰਾੜ, ਤੇਜ ਸਿੰਘ ਸਰਪੰਚ ਵਲਟੋਆ, ਸੁਖਚੈਨ ਸਿੰਘ ਸਰਪੰਚ ਵਕੀਲਾਂ ਵਾਲਾ, ਸਰਦਾਰ ਸੁਖਦੇਵ ਸਿੰਘ ਸੰਧੂ ਸਰਪੰਚ ਮਣਕਿਆਂ ਵਾਲੀ, ਗੁਰਪ੍ਰੀਤ ਸਿੰਘ ਬਰਾੜ ਸਰਪੰਚ ਮਹੀਆਂ ਵਾਲਾ ਕਲਾਂ, ਸਰਬਜੀਤ ਸਿੰਘ ਗਿੱਲ ਸਰਪੰਚ ਗਾਦੜੀ ਵਾਲਾ, ਜਗਜੀਤ ਸਿੰਘ ਸਰਪੰਚ ਬੋੜਾਂ ਵਾਲੀ, ਸਰਪੰਚ ਤੀਰਥ ਸਿੰਘ ਖਹਿਰਾ, ਧਰਮਪਾਲ ਚੁੱਗ, ਚਰਨਜੀਤ ਕੌਰ ਐਮ ਸੀ ਮੱਲਾਂਵਾਲਾ, ਮਨਜੀਤ ਸਿੰਘ ਬਰਾੜ, ਪਰਮਜੀਤ ਸਿੰਘ ਪੰਮਾ, ਰੇਸ਼ਮ ਸਿੰਘ ਸੂਬੇਦਾਰ ਅਤੇ ਵੱਡੀ ਗਿਣਤੀ ਵਿੱਚ ਇਲਾਕੇ ਦੇ ਪੰਚ ਸਰਪੰਚ ਹਾਜ਼ਰ ਸਨ।

# ਲੋਕ ਅਦਾਲਤ ਵੱਲੋਂ 126 ਕੇਸਾਂ ਦਾ ਮੌਕੇ ਤੇ ਨਿਪਟਾਰਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com

ਜ਼ੀਰਾ 25 ਮਈ ( ਅੰਗਰੇਜ਼ ਬਰਾੜ ) ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਜ਼ਿਲਾ ਕਾਨੂੰਨੀ ਅਥਾਰਟੀ ਫਿਰੋਜ਼ਪੁਰ ਦੇ ਹੁਕਮਾਂ ਅਨੁਸਾਰ 24 ਮਈ 2025 ਦਿਨ ਸ਼ਨੀਵਾਰ ਨੂੰ ਜੁਡੀਸ਼ੀਅਲ ਕੰਪਲੈਕਸ ਜ਼ੀਰਾ ਵਿਖੇ ਲੋਕ ਅਦਾਲਤ ਲਗਾਈ ਗਈ।ਇਸ ਮੌਕੇ ਲੋਕ ਅਦਾਲਤ ਜ਼ੀਰਾ ਦੇ ਮੈਂਬਰ ਅਤੇ ਉਘੇ ਸਮਾਜ ਸੇਵੀ ਸੁਖਦੇਵ ਬਿੱਟੂ ਵਿੱਜ ਪ੍ਰਧਾਨ ਭਾਰਤ ਵਿਕਾਸ ਪ੍ਰੀਸ਼ਦ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੂਸਰੇ ਬੈਂਚ ਲਈ ਸ੍ਰੀ ਦੀਪਾਲ ਸਿੰਘ ਪੀ ਸੀ ਐਸ ਸਿਵਿਲ ਜੱਜ ਜੂਨੀਅਰ ਡਵੀਜ਼ਨ ਪ੍ਰੀਜ਼ਾਈਡਿੰਗ ਅਫ਼ਸਰ ਦੀ ਅਗਵਾਈ ਹੇਠ ਅਤੇ ਮੈਂਬਰ ਲੋਕ ਅਦਾਲਤ ਸ੍ਰੀ ਸੁਖਦੇਵ ਬਿੱਟੂ ਵਿੱਜ ,ਮੈਂਬਰ ਐਡਵੋਕੇਟ ਜਗਦੀਪ ਸਿੰਘ ਗਰੇਵਾਲ ਨੇ 126 ਕੇਸਾ ਦੀ ਸੁਣਵਾਈ ਕਰਦਿਆਂ ਦੋਨਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਮੌਕੇ ਤੇ ਹੀ ਨਿਪਟਾਰਾ ਕਰਦਿਆਂ 1 ਕਰੋੜ 18 ਲੱਖ ਰੁਪਏ 22845 ਰੁਪਏ ਦੇ ਰੀਵਾਡ ਪਾਸ ਕੀਤੇ ਗਏ।

# ਅਕਾਲੀ ਦਲ ਦੇ ਕੌਂਸਲਰ ਦੀ ਗੋਲੀ ਮਾਰ ਕੇ ਹੱਤਿਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ
INTERNATIONAL PAPER, 94636 01616
hardipchumber57@gmail.com

ਜੰਡਿਆਲਾ ਗੁਰੂ ਦੀ ਨਗਰ ਕੌਂਸਲ ਦੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਕੌਂਸਲਰ ਹਰਜਿੰਦਰ ਸਿੰਘ ਉਰਫ਼ ਬਾਮਨ ਦੀ ਐਤਵਾਰ ਨੂੰ ਛੇਹਰਟਾ ਇਲਾਕੇ ਵਿੱਚ ਮੋਟਰਸਾਈਕਲ ਸਵਾਰ ਹਥਿਆਰਬੰਦ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਸ ਘਟਨਾ ਕਾਰਨ ਇਲਾਕੇ ਦੇ ਦੁਕਾਨਦਾਰਾਂ ਵਿੱਚ ਦਹਿਸ਼ਤ ਫੈਲ ਗਈ।

ਪੁਲੀਸ ਅਧਿਕਾਰੀ ਹਰਪਾਲ ਸਿੰਘ ਨੇ ਕਿਹਾ ਕਿ ਉਸ ਦੇ ਪਰਿਵਾਰਕ ਮੈਂਬਰਾਂ ਦੇ ਬਿਆਨ 'ਤੇ ਪੁਲੀਸ ਨੇ ਕਿਸ਼ਨ, ਕਰਨ, ਘੁੱਦੂ, ਗੋਲਡੀ ਅਤੇ ਰਾਜੂ ਨੂੰ ਨਾਮਜ਼ਦ ਕੀਤਾ ਹੈ। ਕਿਸ਼ਨ, ਜੋ ਇਸ ਸਮੇਂ ਦੁਬਈ ਵਿੱਚ ਰਹਿੰਦਾ ਹੈ, ਉਸ ਵਿਰੁੱਧ ਕਈ ਅਪਰਾਧਿਕ ਮਾਮਲੇ ਦਰਜ ਹਨ। ਛੇਹਰਟਾ ਪੁਲੀਸ ਸਟੇਸ਼ਨ ਦੇ ਐਸਐਚਓ ਵਿਨੋਦ ਕੁਮਾਰ ਨੇ ਕਿਹਾ ਕਿ ਇਲਾਕੇ ਦੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਘੋਖ ਕੀਤੀ ਜਾ ਰਹੀ ਹੈ ਤਾਂ ਜੋ ਮੁਲਜ਼ਮਾਂ ਬਾਰੇ ਸੁਰਾਗ ਮਿਲ ਸਕਣ। ਉਨ੍ਹਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਪਾਵਰਕਾਮ ਅਤੇ ਟਰਾਂਸਕੋ ਕੰਟਰੈਕਟ ਕਰਮਚਾਰੀ ਯੂਨੀਅਨ ਦੀ ਮੈਨੇਜਮੈਂਟ ਅਤੇ ਵਿੱਤ ਮੰਤਰੀ ਨਾਲ ਮੀਟਿੰਗ ਬੇਸਿੱਟਾ ਹੋਈ

## 'ਆਰਗੇਨਾਈਜ਼ੇਸ਼ਨ ਵੱਲੋਂ ਵਿਰੋਧ ਜਾਰੀ ਰੱਖਣ ਦਾ ਫੈਸਲਾ' 26 ਮਈ ਨੂੰ ਪਰਿਵਾਰਾਂ ਸਮੇਤ ਵੱਡਾ ਇਕੱਠ ਬੁਲਾਉਣ ਦਾ ਫੈਸਲਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 25 ਮਈ INTERNATIONAL PAPER, 94636 01616 hardipchumber57@gmail.com



